ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 6 ਅਗਸਤ 2025 (ਨਾਨਕਸ਼ਾਹੀ ਸੰਮਤ : ੫੫੭, ੨੧ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਡੇਰਾਬੱਸੀ 'ਚ AGTF ਅਤੇ ਮੋਹਾਲੀ ਪੁਲਿਸ ਨੇ ਕੀਤਾ ਐਨਕਾਊਂਟਰ, ਗੈਂਗਸਟਰ ਸੁਮੀਤ ਬਿਸ਼ਨੋਈ ਜ਼ਖਮੀ

**ਚੰਡੀਗੜ੍ਹ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ ਦੇ ਨਾਲ ਲੱਗਦੇ ਡੇਰਾਬੱਸੀ ਵਿੱਚ AGTF ਅਤੇ ਮੋਹਾਲੀ ਪੁਲਿਸ ਨੇ ਇੱਕ ਗੈਂਗਸਟਰ ਸੁਮੀਤ ਬਿਸ਼ਨੋਈ ਦਾ ਐਨਕਾਊਂਟਰ ਕੀਤਾ ਹੈ। ਇਸ ਦੌਰਾਨ ਗੈਂਗਸਟਰ ਸੁਮੀਤ ਬਿਸ਼ਨੋਈ ਨੂੰ ਗੋਲੀ ਲੱਗ ਗਈ। ਜ਼ਖਮੀ ਗੈਂਗਸਟਰ ਨੂੰ ਪੁਲਿਸ ਨੇ ਤੁਰੰਤ ਹਸਪਤਾਲ ਵਿੱਚ ਦਾਖਲ ਕਰਵਾਇਆ। ਸ਼ੁਰੂਆਤੀ ਜਾਣਕਾਰੀ ਅਨੁਸਾਰ ਗੈਂਗਸਟਰ ਸੁਮੀਤ ਬਿਸ਼ਨੋਈ ਰਾਜਸਥਾਨ 'ਚ ਹੋਏ ਮਹਾਂਵੀਰ ਸਿੰਘ ਦੇ ਕਤਲ ਮਾਮਲੇ 'ਚ ਲੋੜੀਂਦਾ ਸੀ। ਫਿਲਹਾਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਜਲਦੀ ਹੀ ਪ੍ਰੈਸ ਕਾਨਫਰੰਸ ਰਾਹੀਂ ਇਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਗੈਂਗਸਟਰ ਸੁਮੀਤ ਬਿਸ਼ਨੋਈ 18 ਮਈ ਨੂੰ ਰਾਜਸਥਾਨ ਦੇ ਹਨੂੰਮਾਨਗੜ੍ਹ ਵਿੱਚ ਹੋਏ ਕਤਲ ਵਿੱਚ ਸ਼ਾਮਲ ਸੀ। ਉਸ ਵਿਰੁੱਧ ਕਤਲ ਦਾ ਕੇਸ ਦਰਜ ਕੀਤਾ ਗਿਆ ਸੀ। ਉਦੋਂ ਤੋਂ ਉਹ ਫਰਾਰ ਸੀ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਪੁਲਿਸ ਉਸ 'ਤੇ ਨਜ਼ਰ ਰੱਖ ਰਹੀ ਸੀ। ਇਸ ਦੌਰਾਨ ਉਹ ਡੇਰਾਬੱਸੀ ਦੇ ਗੁਲਾਬਗੜ੍ਹ ਰੋਡ 'ਤੇ ਇੱਕ ਪੀਜੀ ਵਿੱਚ ਰਹਿ ਰਿਹਾ ਸੀ। ਜਿਵੇਂ ਹੀ ਪੁਲਿਸ ਨੂੰ ਇਸ ਗੱਲ ਦਾ ਸੁਰਾਗ ਮਿਲਿਆ ਤਾਂ ਮੋਹਾਲੀ ਪੁਲਿਸ ਅਤੇ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਛਾਪਾ ਮਾਰਿਆ। ਇਸ ਦੌਰਾਨ ਜਿਵੇਂ ਹੀ ਪੁਲਿਸ ਮੌਕੇ 'ਤੇ ਪਹੁੰਚੀ ਤਾਂ ਉਸਨੇ ਪੁਲਿਸ 'ਤੇ ਗੋਲੀਬਾਰੀ ਕਰ ਦਿੱਤੀ। ਇਸ ਤੋਂ ਬਾਅਦ ਆਪਣਾ ਬਚਾਅ ਕਰਦੇ ਹੋਏ ਪੁਲਿਸ ਨੇ ਉਸਦੀ ਲੱਤ ਵਿੱਚ ਗੋਲੀ ਮਾਰ ਦਿੱਤੀ। ਜਿਸ ਤੋਂ ਬਾਅਦ ਉਸਨੂੰ ਫੜ ਲਿਆ ਗਿਆ। ਪਤਾ ਲੱਗਾ ਹੈ ਕਿ ਉਸ ਤੋਂ ਹਥਿਆਰ ਵੀ ਬਰਾਮਦ ਹੋਏ ਹਨ।

### ਕਈ ਲੋਕਾਂ ਦੇ ਰੁੜ੍ਹ ਜਾਣ ਦਾ ਖਦਸ਼ਾ, ਕਈ ਘਰ ਹੋਏ ਤਬਾਹ

# ਉੱਤਰਕਾਸ਼ੀ ਦੇ ਧਾਰਲੀ 'ਚ ਫਟਿਆ ਬੱਦਲ

**ਦੇਹਰਾਦੂਨ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਉੱਤਰਾਖੰਡ ਦੇ ਉਤਰਕਾਸ਼ੀ ਵਿੱਚ ਬੱਦਲ ਫਟਣ ਕਾਰਨ ਇੱਕ ਵੱਡਾ ਹਾਦਸਾ ਵਾਪਰਿਆ ਹੈ। ਮੰਗਲਵਾਰ ਨੂੰ ਗੰਗੋਤਰੀ ਧਾਮ ਅਤੇ ਮੁਖਵਾ ਦੇ ਨੇੜੇ ਸਥਿਤ ਧਾਰਲੀ ਪਿੰਡ ਵਿੱਚ ਬੱਦਲ ਫਟਣ ਕਾਰਨ ਇੱਕ ਨਾਲਾ ਓਵਰਫਲੋ ਹੋ ਗਿਆ। ਨਾਲੇ ਦਾ ਪਾਣੀ ਪਹਾੜੀ ਤੋਂ ਹੇਠਲੇ ਇਲਾਕਿਆਂ ਵੱਲ ਬਹੁਤ ਤੇਜ਼ੀ ਨਾਲ ਵਗਦਾ ਆਇਆ, ਜਿਸ ਕਾਰਨ ਕਈ ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ। ਇਹ ਘਟਨਾ ਬਹੁਤ ਗੰਭੀਰ ਹੈ ਅਤੇ ਸਥਾਨਕ ਲੋਕਾਂ ਨੂੰ ਚਿੰਤਤ ਕਰ ਰਹੀ ਹੈ। ਨਾਲੇ ਦੇ ਪਾਣੀ ਦੇ ਨਾਲ ਮਲਬਾ ਵੀ ਆਇਆ ਹੈ, ਜਿਸ ਵਿੱਚ ਕਈ ਲੋਕਾਂ ਦੇ ਦੱਬੇ ਹੋਣ ਦਾ ਖਦਸ਼ਾ ਹੈ। ਬੱਦਲ ਫਟਣ ਤੋਂ ਬਾਅਦ ਨਾਲੇ ਵਿੱਚ ਪਾਣੀ ਓਵਰਫਲੋ ਹੋਣ ਕਾਰਨ ਪੂਰੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ, ਹੁਣ ਇਲਾਕੇ ਵਿੱਚ ਰਾਹਤ ਅਤੇ ਬਚਾਅ ਕਾਰਜ ਜਾਰੀ ਹਨ। ਜ਼ਿਲ੍ਹਾ ਆਫ਼ਤ ਪ੍ਰਬੰਧਨ ਨੇ ਹਾਦਸੇ ਦੀ ਪੁਸ਼ਟੀ ਕੀਤੀ ਹੈ ਅਤੇ ਕਿਹਾ ਹੈ ਕਿ ਸਥਿਤੀ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਕਿਹਾ ਕਿ NDRF ਅਤੇ SDRF ਟੀਮਾਂ ਨੂੰ ਮੌਕੇ 'ਤੇ ਭੇਜਿਆ ਜਾ ਰਿਹਾ ਹੈ, ਨਾਲ ਹੀ ਜ਼ਿਲ੍ਹਾ ਪ੍ਰਸ਼ਾਸਨ ਵੀ ਬਚਾਅ ਕਾਰਜਾਂ ਵਿੱਚ ਜੁਟਿਆ ਹੋਇਆ ਹੈ। ਪ੍ਰਭਾਵਿਤ ਪਿੰਡ ਗੰਗੋਤਰੀ ਧਾਮ ਅਤੇ ਗੰਗਾਜੀ ਦੇ ਸ਼ੀਤਕਲੀਨ ਪ੍ਰਵਾਸ ਮੁਖਵਾ ਦੇ ਬਹੁਤ ਨੇੜੇ ਹੈ। ਇਸ ਇਲਾਕੇ ਵਿੱਚ ਬੱਦਲ ਫਟਣ ਕਾਰਨ ਲੋਕ ਘਬਰਾਏ ਹੋਏ ਹਨ। ਪ੍ਰਸ਼ਾਸਨ ਨੇ ਸਾਰੇ ਲੋਕਾਂ ਨੂੰ ਸੁਰੱਖਿਅਤ ਰਹਿਣ ਦੀ ਸਲਾਹ ਦਿੱਤੀ ਹੈ ਅਤੇ ਸਾਵਧਾਨੀ ਦੇ ਉਪਾਅ ਕੀਤੇ ਜਾ ਰਹੇ ਹਨ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਸਥਿਤੀ ਨੂੰ ਕਾਬੂ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਸੁਚੇਤ ਰਹਿਣ ਦੀ ਵੀ ਸਲਾਹ ਦਿੱਤੀ ਗਈ ਹੈ। ਪ੍ਰਸ਼ਾਸਨ ਨੇ ਕਿਹਾ ਕਿ ਹਰਸ਼ੀਲ ਖੇਤਰ ਵਿੱਚ ਖੀਰ ਗੜ ਦੇ ਪਾਣੀ ਦੇ ਪੱਧਰ ਦੇ ਵਧਣ ਕਾਰਨ ਧਾਰਲੀ ਕਸਬੇ ਵਿੱਚ ਭਾਰੀ ਨੁਕਸਾਨ ਹੋਇਆ ਹੈ। ਸੂਚਨਾ ਮਿਲਣ 'ਤੇ ਪੁਲਿਸ ਐਸਡੀਆਰਐਫ, ਮਾਲੀਆ, ਫੌਜ ਅਤੇ ਆਫ਼ਤ ਟੀਮਾਂ ਮੌਕੇ 'ਤੇ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ। ਪ੍ਰਸ਼ਾਸਨ ਨੇ ਲੋਕਾਂ ਨੂੰ ਨਦੀ ਤੋਂ ਦੂਰੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ ਅਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦੇ ਨਿਰਦੇਸ਼ ਦਿੱਤੇ ਗਏ ਹਨ।



## ਰਾਮ ਰਹੀਮ ਦੀ ਪੈਰੋਲ 'ਤੇ ਭੜਕੇ ਸ਼੍ਰੋਮਣੀ ਕਮੇਟੀ ਪ੍ਰਧਾਨ, ਕਿਹਾ- ਸਰਕਾਰਾਂ ਸ਼ਰਮ ਕਰ ਲੈਣ, ਇੱਕ ਨੂੰ ਵਾਰ-ਵਾਰ ਪੈਰੋਲ; ਬੰਦੀ ਸਿੰਘਾਂ ਲਈ ਵੀ ਬਣਾਓ ਨਿਯਮ



**ਚੰਡੀਗੜ੍ਹ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਸੌਦਾ ਸਾਧ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ 40 ਦਿਨਾਂ ਦੀ ਪੈਰੋਲ ਮਿਲ ਗਈ ਹੈ, ਜਿਸ 'ਤੇ ਉਹ ਇੱਕ ਵਾਰ ਫਿਰ ਬਾਹਰ ਆ ਗਿਆ ਹੈ ਅਤੇ ਸਿਰਸਾ ਡੇਰੇ ਵਿੱਚ ਪਹੁੰਚ ਗਿਆ ਹੈ। ਉੱਥੇ ਹੀ ਰਾਮ ਰਹੀਮ ਨੂੰ ਪੇਰੋਲ ਮਿਲਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ। ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰਾਂ ਨੂੰ ਸ਼ਰਮ ਕਰਨੀ ਚਾਹੀਦੀ ਹੈ। ਜੇਕਰ ਇੱਕ ਵਿਅਕਤੀ ਦੇ ਲਈ ਨਿਯਮ ਬਣ ਸਕਦੇ ਹਨ ਤਾਂ ਜੇਲ੍ਹ ਵਿੱਚ ਬੰਦ ਬੰਦੀ ਸਿੰਘਾਂ ਲਈ ਵੀ ਨਿਯਮ ਬਣਨੇ ਚਾਹੀਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਦੀਆਂ ਨੀਤੀਆਂ 'ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਹੋਇਆਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੇ ਜਾਣ 'ਤੇ ਸਵਾਲ ਚੁੱਕੇ ਹਨ। ਧਾਮੀ ਨੇ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਆਪਣੀ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਅਜੇ ਤੱਕ ਰਿਹਾਅ ਨਹੀਂ ਕੀਤਾ ਗਿਆ, ਜਦੋਂ ਕਿ ਰਾਮ ਰਹੀਮ ਵਰਗੇ ਸਜ਼ਾਯਾਫ਼ਤਾ ਕੈਦੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਉਹ ਬੰਦੀ ਸਿੰਘਾਂ ਨੂੰ ਕਈ ਵਾਰ ਮਿਲੇ ਹਨ ਅਤੇ ਇਸ ਮੁੱਦੇ ਨੂੰ ਵਾਰ-ਵਾਰ ਉਠਾਉਂਦੇ ਰਹੇ ਹਨ। ਪਰ ਬੰਦੀ ਸਿੰਘ ਵਾਰ-ਵਾਰ ਉਨ੍ਹਾਂ ਨੂੰ ਸ਼ਿਕਾਇਤ ਨਾ ਕਰਨ ਲਈ ਕਹਿੰਦੇ ਹਨ। ਧਾਮੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕਾਨੂੰਨ ਸਾਰਿਆਂ ਲਈ ਬਰਾਬਰ ਹੋਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਦੋਹਰੇ ਮਾਪਦੰਡ ਨਹੀਂ ਅਪਣਾਉਣੇ ਚਾਹੀਦੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਬੰਦੀ ਸਿੰਘਾਂ ਨੂੰ ਛੇਤੀ ਤੋਂ ਛੇਤੀ ਰਿਹਾਅ ਕੀਤਾ ਜਾਵੇ ਅਤੇ ਸਾਰਿਆਂ ਨੂੰ ਇਨਸਾਫ ਦਿਲਾਇਆ ਜਾਵੇ। ਜ਼ਿਕਰ ਕਰ ਦਈਏ ਕਿ ਰਾਮ ਰਹੀਮ ਇੱਕ ਵਾਰ ਫਿਰ 40 ਦਿਨਾਂ ਦੀ ਪੈਰੋਲ 'ਤੇ ਜੇਲ੍ਹ 'ਚੋਂ ਬਾਹਰ ਆ ਗਿਆ ਹੈ। ਰਾਮ ਰਹੀਮ ਰੇਪ ਅਤੇ ਕਤਲ ਦੇ ਕੇਸ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ, ਜਿਸ ਦੌਰਾਨ ਉਹ ਹੁਣ ਤੱਕ 14 ਵਾਰ ਪੈਰੋਲ ਜਾਂ ਫਰਲੋ 'ਤੇ ਜੇਲ੍ਹ ਤੋਂ ਬਾਹਰ ਆ ਚੁੱਕਿਆ ਹੈ। ਇਸ ਨੂੰ ਲੈਕੇ ਸਿੱਖ ਭਾਈਚਾਰੇ ਵਿੱਚ ਵੀ ਰੋਸ ਹੈ, ਕਿਉਂਕਿ ਜੇਲ੍ਹ ਵਿੱਚ ਬੰਦੀ ਸਿੰਘ ਆਪਣੀ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ ਪਰ ਫਿਰ ਉਨ੍ਹਾਂ ਨੂੰ ਜੇਲ੍ਹ ਤੋਂ ਬਾਹਰ ਨਹੀਂ ਆਉਣ ਦਿੱਤਾ ਜਾ ਰਿਹਾ ਹੈ।

## ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਦਾ ਦੇਹਾਂਤ

**ਸ੍ਰੀਨਗਰ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਦਾ ਮੰਗਲਵਾਰ ਨੂੰ 79 ਸਾਲ ਦੀ ਉਮਰ ਵਿੱਚ ਲੰਬੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੇ ਮੰਗਲਵਾਰ ਦੁਪਹਿਰ 1 ਵਜੇ ਦੇ ਕਰੀਬ ਨਵੀਂ ਦਿੱਲੀ ਦੇ ਰਾਮ ਮਨੋਹਰ ਲੋਹੀਆ ਹਸਪਤਾਲ ਵਿੱਚ ਆਖਰੀ ਸਾਹ ਲਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ। ਉਹ ਲੰਬੇ ਸਮੇਂ ਤੋਂ ਗੁਰਦੇ ਦੀ ਬਿਮਾਰੀ ਤੋਂ ਪੀੜਤ ਸਨ। ਜਦੋਂ ਉਨ੍ਹਾਂ ਦੀ ਹਾਲਤ ਵਿਗੜ ਗਈ ਤਾਂ ਉਨ੍ਹਾਂ ਨੂੰ 11 ਮਈ ਨੂੰ ਦਿੱਲੀ ਦੇ ਰਾਮ ਮਨੋਹਰ ਲੋਹੀਆ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਸੱਤਿਆਪਾਲ ਮਲਿਕ ਅਗਸਤ 2018 ਤੋਂ ਅਕਤੂਬਰ 2019 ਤੱਕ ਜੰਮੂ-ਕਸ਼ਮੀਰ ਰਾਜ ਦੇ ਆਖਰੀ ਰਾਜਪਾਲ ਸਨ। ਉਨ੍ਹਾਂ ਦੇ ਕਾਰਜਕਾਲ ਦੌਰਾਨ 5 ਅਗਸਤ 2019 ਨੂੰ ਧਾਰਾ 370 ਨੂੰ ਰੱਦ ਕਰ ਦਿੱਤਾ ਗਿਆ ਸੀ ਅਤੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਗਿਆ ਸੀ ਅਤੇ ਇਸਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ - ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਵੰਡ ਦਿੱਤਾ ਗਿਆ ਸੀ। ਇਤਫ਼ਾਕ ਨਾਲ ਅੱਜ ਇਸ ਫੈਸਲੇ ਦੀ ਛੇਵੀਂ ਵਰ੍ਹੇਗੰਢ ਹੈ ਅਤੇ ਇਸ ਦਿਨ ਸੱਤਿਆਪਾਲ ਮਲਿਕ ਨੇ ਆਖਰੀ ਸਾਹ ਲਿਆ। ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਣ ਤੋਂ ਬਾਅਦ ਸੱਤਿਆਪਾਲ ਮਲਿਕ ਨੂੰ ਗੋਆ ਦਾ 18ਵਾਂ ਰਾਜਪਾਲ ਨਿਯੁਕਤ ਕੀਤਾ ਗਿਆ ਸੀ। ਉਸਨੇ ਅਕਤੂਬਰ 2022 ਤੱਕ ਮੇਘਾਲਿਆ ਦੇ 21ਵੇਂ ਰਾਜਪਾਲ ਵਜੋਂ ਵੀ ਸੇਵਾ ਨਿਭਾਈ।



**ਸਾਬਕਾ ਰਾਜਪਾਲ ਦੇ ਦੇਹਾਂਤ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਜਤਾਇਆ ਦੁੱਖ :** ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਦਾ ਮੰਗਲਵਾਰ ਨੂੰ ਇੱਥੇ ਇੱਕ ਹਸਪਤਾਲ ਵਿੱਚ ਲੰਬੀ ਬਿਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ। ਉਹ 79 ਸਾਲ ਦੇ ਸਨ। ਸੱਤਿਆਪਾਲ ਮਲਿਕ ਦੇ ਦੇਹਾਂਤ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਪ੍ਰਧਾਨ ਮੰਤਰੀ ਨੇ ਆਪਣੇ ਐਕਸ ਹੈਂਡਲਰ ਉੱਤੇ ਲਿਖਿਆ, "ਸ਼੍ਰੀ ਸੱਤਿਆਪਾਲ ਮਲਿਕ ਜੀ ਦੇ ਦੇਹਾਂਤ ਤੋਂ ਦੁਖੀ ਹਾਂ। ਇਸ ਦੁੱਖ ਦੀ ਘੜੀ 'ਚ ਮੇਰੀਆਂ ਸੰਵੇਦਨਾਵਾਂ ਉਨ੍ਹਾਂ ਦੇ ਪਰਿਵਾਰ ਅਤੇ ਸਮਰਥਕਾਂ ਨਾਲ ਹਨ। ਓਮ ਸ਼ਾਂਤੀ।" ਦੱਸ ਦਈਏ ਕਿ ਉਨ੍ਹਾਂ ਨੇ ਆਪਣੇ ਲੰਬੇ ਰਾਜਨੀਤਿਕ ਕਰੀਅਰ ਵਿੱਚ ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਹੋਣ ਤੋਂ ਇਲਾਵਾ, ਗੋਆ, ਬਿਹਾਰ, ਮੇਘਾਲਿਆ ਅਤੇ ਓਡੀਸ਼ਾ ਦੇ ਰਾਜਪਾਲ ਦੇ ਅਹੁਦੇ ਸੰਭਾਲੇ ਸਨ। ਇਤਫਾਕਨ, ਛੇ ਸਾਲ ਪਹਿਲਾਂ 2019 ਵਿੱਚ, ਅੱਜ ਦੇ ਦਿਨ, ਕੇਂਦਰ ਨੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਸੀ ਅਤੇ ਰਾਜ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ ਸੀ।

## ਕੈਨੇਡਾ ਵਿੱਚ ਖੁੱਲ੍ਹਿਆ 'ਖਾਲਿਸਤਾਨ ਦੂਤਾਵਾਸ', ਰਿਪਬਲਿਕ ਆਫ ਖਾਲਿਸਤਾਨ ਰੱਖਿਆ ਨਾਮ




**ਟੋਰਾਂਟੋ/ਨਵੀਂ ਦਿੱਲੀ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਖਾਲਿਸਤਾਨ ਪੱਖੀ ਸੰਗਠਨ SFJ ਨੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਕੰਪਲੈਕਸ ਵਿੱਚ 'ਰਿਪਬਲਿਕ ਆਫ਼ ਖਾਲਿਸਤਾਨ' ਦਾ ਦੂਤਾਵਾਸ ਖੋਲ੍ਹਣ ਦਾ ਦਾਅਵਾ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਇਮਾਰਤ ਕੈਨੇਡੀਅਨ ਸਰਕਾਰ ਦੇ ਫੰਡਾਂ ਨਾਲ ਬਣਾਈ ਗਈ ਸੀ ਅਤੇ ਹਾਲ ਹੀ ਵਿੱਚ 1.5 ਲੱਖ ਡਾਲਰ ਦੀ ਲਾਗਤ ਨਾਲ ਇਸ ਵਿੱਚ ਇੱਕ ਲਿਫਟ ਵੀ ਲਗਾਈ ਗਈ ਹੈ। ਹੁਣ ਇਸ ਇਮਾਰਤ 'ਤੇ 'ਰਿਪਬਲਿਕ ਆਫ਼ ਖਾਲਿਸਤਾਨ' ਦਾ ਬੋਰਡ ਲਗਾਇਆ ਗਿਆ ਹੈ। ਇਸ ਇਮਾਰਤ ਨੂੰ ਪਹਿਲਾਂ ਸਥਾਨਕ ਸਿੱਖ ਭਾਈਚਾਰੇ ਲਈ ਇੱਕ ਕਮਿਊਨਿਟੀ ਸੈਂਟਰ ਵਜੋਂ ਵਰਤਿਆ ਜਾਂਦਾ ਸੀ। ਹੁਣ ਖਾਲਿਸਤਾਨ ਪੱਖੀ ਗਤੀਵਿਧੀਆਂ ਵਿੱਚ ਇਸਦੀ ਵਰਤੋਂ ਭਾਰਤ ਲਈ ਚਿੰਤਾ ਦਾ ਵਿਸ਼ਾ ਬਣ ਗਈ ਹੈ। ਇਸ ਕਦਮ ਨਾਲ ਭਾਰਤ ਅਤੇ ਕੈਨੇਡਾ ਵਿਚਕਾਰ ਪਹਿਲਾਂ ਤੋਂ ਹੀ ਤਣਾਅਪੂਰਨ ਸਬੰਧ ਹੋਰ ਵਿਗੜ ਸਕਦੇ ਹਨ। ਯਾਦ ਕਰਵਾ ਦਈਏ ਕਿ ਸਤੰਬਰ 2023 ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਸਬੰਧੀ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਭਾਰਤ 'ਤੇ ਲਗਾਏ ਗਏ ਦੋਸ਼ਾਂ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਪਹਿਲਾਂ ਹੀ ਤਣਾਅ ਸੀ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਸਾਫ਼-ਸਾਫ਼ ਰੱਦ ਕਰ ਦਿੱਤਾ ਅਤੇ ਕੈਨੇਡਾ ਵਿੱਚ ਆਪਣੇ ਕੂਟਨੀਤਕ ਸਟਾਫ਼ ਦੀ ਗਿਣਤੀ ਵੀ ਘਟਾਉਣੀ ਪਈ। ਹੁਣ ਕੈਨੇਡਾ ਦੇ ਸਰੀ ਸ਼ਹਿਰ ਵਿੱਚ 'ਰਿਪਬਲਿਕ ਆਫ਼ ਖਾਲਿਸਤਾਨ' ਦੇ ਕਥਿਤ ਦੂਤਾਵਾਸ ਦੇ ਖੁੱਲ੍ਹਣ ਨਾਲ ਸਥਿਤੀ ਹੋਰ ਗੰਭੀਰ ਹੋ ਗਈ ਹੈ। ਭਾਰਤ ਲੰਬੇ ਸਮੇਂ ਤੋਂ ਕੈਨੇਡਾ 'ਤੇ ਖਾਲਿਸਤਾਨੀ ਸੰਗਠਨਾਂ ਦਾ ਸਮਰਥਨ ਕਰਨ ਦਾ ਦੋਸ਼ ਲਗਾ ਰਿਹਾ ਹੈ। ਸੂਤਰਾਂ ਅਨੁਸਾਰ, ਭਾਰਤੀ ਵਿਦੇਸ਼ ਮੰਤਰਾਲਾ ਜਲਦੀ ਹੀ ਇਸ 'ਤੇ ਸਖ਼ਤ ਕਾਰਵਾਈ ਕਰ ਸਕਦਾ ਹੈ। ਭਾਰਤ ਕੈਨੇਡਾ ਤੋਂ ਇਸ ਦੂਤਾਵਾਸ ਨੂੰ ਹਟਾਉਣ ਅਤੇ SFJ ਵਰਗੀਆਂ ਗਤੀਵਿਧੀਆਂ 'ਤੇ ਪਾਬੰਦੀ ਲਗਾਉਣ ਦੀ ਮੰਗ ਕਰ ਸਕਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਮੁੱਦਾ ਹੁਣ ਭਾਰਤ ਦੀ ਰਾਸ਼ਟਰੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ ਅਤੇ ਇਸਨੂੰ ਅੰਤਰਰਾਸ਼ਟਰੀ ਮੰਚਾਂ 'ਤੇ ਲਿਜਾਇਆ ਜਾ ਸਕਦਾ ਹੈ।

## ਸ੍ਰੀ ਅਕਾਲ ਤਖ਼ਤ ਦੀ ਅਗਵਾਈ 'ਚ ਹੀ ਹੋਣਗੇ ਪੰਥਕ ਫੈਸਲੇ: ਸ਼੍ਰੋਮਣੀ ਕਮੇਟੀ ਨੇ ਇਜਲਾਸ 'ਚ ਪਾਸ ਕੀਤਾ ਮਤਾ

**ਅੰਮ੍ਰਿਤਸਰ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ 'ਚ ਇੱਕ ਵਿਸ਼ੇਸ਼ ਇਜਲਾਸ ਆਯੋਜਿਤ ਕੀਤਾ ਗਿਆ, ਜਿਸਦਾ ਮੁੱਖ ਉਦੇਸ਼ ਅਕਾਲ ਤਖ਼ਤ ਸਾਹਿਬ ਅਤੇ ਹੋਰ ਚਾਰ ਤਖ਼ਤ ਸਾਹਿਬਾਨਾਂ ਵਿਚਾਲੇ ਤਾਲਮੇਲ ਨੂੰ ਮਜ਼ਬੂਤ ਕਰਨਾ ਸੀ। ਇਸ ਇਜਲਾਸ 'ਚ ਸ਼੍ਰੋਮਣੀ ਕਮੇਟੀ ਦੇ ਸਾਰੇ ਮੈਂਬਰਾਂ, ਵਿਦਵਾਨਾਂ ਅਤੇ ਧਾਰਮਿਕ ਅਗਵਾਈ ਵਾਲਿਆਂ ਨੇ ਸ਼ਮੂਲੀਅਤ ਕੀਤੀ ਅਤੇ ਪੰਥਕ ਏਕਤਾ ਲਈ ਕੀਮਤੀ ਸੁਝਾਅ ਦਿੱਤੇ। ਇਜਲਾਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਪਿਛਲੇ ਦਿਨੀਂ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਪਟਨਾ ਸਾਹਿਬ ਵਿਚਕਾਰ ਕੁਝ ਮਨਮੁਟਾਅ ਹੋ ਗਿਆ ਸੀ, ਪਰ ਹੁਣ ਉਨ੍ਹਾਂ ਨੂੰ ਆਪਸੀ ਚਰਚਾ ਰਾਹੀਂ ਹੱਲ ਕਰ ਲਿਆ ਗਿਆ ਹੈ। ਇਹ ਵਿਸ਼ੇਸ਼ ਇਜਲਾਸ ਪਹਿਲਾਂ ਤੋਂ ਹੀ ਤੈਅ ਕੀਤਾ ਗਿਆ ਸੀ ਅਤੇ ਅਰਦਾਸ ਤੇ ਹੁਕਮਨਾਮੇ ਉਪਰੰਤ ਇੱਜ਼ਤ ਤੇ ਮਰਿਆਦਾ ਦੇ ਨਾਲ ਸ਼ੁਰੂ ਹੋਇਆ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੀ ਧਾਰਮਿਕ, ਰੂਹਾਨੀ ਅਤੇ ਨੈਤਿਕ ਅਗਵਾਈ ਸਦਾ ਤੋਂ ਹੀ ਅਕਾਲ ਤਖਤ ਸਾਹਿਬ ਤੋਂ ਹੁੰਦੀ ਆਈ ਹੈ। ਪੰਥਕ ਸੰਦੇਸ਼ਾਂ 'ਤੇ ਫੈਸਲੇ ਸਿਰਫ਼ ਅਤੇ ਸਿਰਫ਼ ਅਕਾਲ ਤਖਤ ਸਾਹਿਬ ਤੋਂ ਹੀ ਲਏ ਜਾਂਦੇ ਹਨ। ਇਸ ਦੌਰਾਨ ਇਜਲਾਸ 'ਚ ਮਤਾ ਪਾਸ ਕਰਦਿਆਂ ਕਿਹਾ ਗਿਆ ਕਿ ਕੋਈ ਵੀ ਪੰਥਕ ਜਾਂ ਧਾਰਮਿਕ ਫੈਸਲਾ ਲੈਂਦੇ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਕਿਸੇ ਹੋਰ ਸੰਸਥਾ ਵੱਲੋਂ ਕਿਸੇ ਤਖ਼ਤ ਨੂੰ ਨਿਰਦੇਸ਼ ਦੇਣਾ ਢੁਕਵਾਂ ਨਹੀਂ। ਮੱਤੇ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨੂੰ ਅਪੀਲ ਕੀਤੀ ਗਈ ਕਿ ਪੰਥਕ ਮਸਲਿਆਂ ਵਿੱਚ ਰਵਾਇਤਾਂ ਤੇ ਸਿੱਖ ਮਰਿਆਦਾ ਦੇ ਅਨੁਸਾਰ ਹੀ ਕੰਮ ਕੀਤਾ ਜਾਵੇ। ਇਹ ਵੀ ਤੈਅ ਕੀਤਾ ਗਿਆ ਕਿ ਐਮਰਜੈਂਸੀ ਸਥਿਤੀ ਵਿਚ ਜੇਕਰ ਤੁਰੰਤ ਫੈਸਲਾ ਲੈਣ ਦੀ ਲੋੜ ਪੈ ਜਾਵੇ ਤਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਅਕਾਸਮਿਕ ਮੀਟਿੰਗ ਕਾਲ ਕੀਤੀ ਜਾ ਸਕਦੀ ਹੈ ਪਰ ਆਮ ਮਸਲਿਆਂ ਲਈ ਪੰਜ ਸਿੰਘ ਸਾਹਿਬਾਨਾਂ ਦੀ ਮੀਟਿੰਗ ਪਹਿਲਾਂ ਤੋਂ ਤੈਅ ਕੀਤੀ ਜਾਵੇ ਅਤੇ ਜਥੇਦਾਰਾਂ ਦੀ ਸਾਂਝੀ ਸਲਾਹ ਨਾਲ ਹੀ ਫੈਸਲਾ ਲਿਆ ਜਾਵੇ। ਇਸ ਮਤੇ 'ਚ ਇਹ ਵੀ ਵਿਆਖਿਆ ਕੀਤੀ ਗਈ ਕਿ 19 ਨਵੰਬਰ 2003 ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲੇ ਮੁਤਾਬਕ ਜੇਕਰ ਕੋਈ ਤਖ਼ਤ ਜਥੇਦਾਰ ਮੀਟਿੰਗ 'ਚ ਸ਼ਾਮਲ ਨਹੀਂ ਹੋ ਸਕੇ ਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬਾਨ ਨੂੰ ਵੀ ਮੀਟਿੰਗ 'ਚ ਸ਼ਾਮਲ ਕੀਤਾ ਜਾਵੇ।

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖ਼ਾਲਸਾ ।

ਆਵਾਜ਼ਿ ਕੌਮ
AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖ਼ਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ਼੍ਰੀ ਦੁਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇੱਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

**ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।**

### ਅਕਾਊਂਟ ਨੰਬਰ ਤੇ ਡਿਟੇਲ

Account Name : RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

★ ਸਲਾਹ ★
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇੰਸ਼ੋਰੈਂਸ ਕਰਵਾ ਲੈਣ

**ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।**

ਆਵਾਜ਼ਿ ਕੌਮ AWAZE QAUM

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
## ਪੰਜ ਤਖ਼ਤ ਯਾਤਰਾ

ਆਵਾਜ਼ਿ ਕੌਮ AWAZE QAUM

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)



ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਊਜ਼ੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋਂ ਫਿਕਸਡ ਮੈਨਿਊ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜ਼ੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਿਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

**ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।**

--★ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ★--

| RAGHBIR SINGH | PARAMJIT SHERGILL | INDERJIT KAUR | KULWINDER MANN |
|---|---|---|---|
| +44 7458 381111, +44 7976 210161 | +44 7858 198159 | +44 7883 635835 | +44 7900 982906 |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖਾਲਸਾ ।

ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥


**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**




ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.**

## Tour Package

**Akal Takhat Sahib & 5 Other Places**
**Hydrabad & 5 Other Places**
**Hazur Sahib & 8 Other Gurudwaras**
**Patna Sahib & 5 Other Gurudwaras**
**Chandigarh & Sukhna Lake**
**Anandpur Sahib & 4 Other Gurudwaras**
**Damdama Sahib & 3 Other Gurudwaras**

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note : To Book Deposit £600 as an advance into the mendioned bank account balance amout need to be deposited 2 weeks before the travel date.**

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

**Contact Detail :**
**+44 7458 381111 +44 7976 210161**
**email: gnstuk@hotmail.com**

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

**--ADVICE--**
**Request to all Sangat to have own travel Insurance individualy!**

**Program is subject to change without Prior Notice.**

ਆਵਾਜ਼ਿ ਕੌਮ AWAZE QAUM

## JOURNEY OF A LIFE TIME
## PANJ TAKHAT YATRA
### 5 TAKHAT YATRA - 10 NIGHTS / 11 DAYS

### 15th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.



Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd



After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th



After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**

**FOR MORE INFORMATION PLS. CONTACT**


| RAGHBIR SINGH | PARAMJIT SHERGILL | INDERJIT KAUR | KULVINDER MANN |
|---|---|---|---|
| +44 7458 381111, +44 7976 210161 | +44 7858 198159 | +44 7883 635835 | +44 7900 982906 |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਆਵਾਜ਼ਿ ਕੌਮ AWAZE QAUM TV

# AWAZE QAUM TOURS & TRAVELS

ORGANISE

# PANJ TAKHAT YATRA

# ਪੰਜ ਤਖ਼ਤ ਦਰਸ਼ਨ ਯਾਤਰਾ

## ( FROM 15th FEB 2026 TO 25th FEB 2026 )

10 Nights 11 Days Tour From 15th Feb 2026 to 25th Feb 2026

AKAL TAKHAT SAHIB & 5 OTHER PLACES | HYDRABAD & 2 OTHER PLACES
HAZUR SAHIB & 8 OTHER GURUDWARAS | PATNA SAHIB & 5 OTHER GURUDWARA
CHANDIGARH & SUKHNA LAKE | ANANDPUR SAHIB & 4 OTHER GURUDWARAS
DAMDAMA SAHIB & 3 OTHER GURUDWARAS

- Luxury Hotel with Breakfast & Dinner
- Luxury Air-conditioned Coaches
- Domestic Flights
- Guide
- Flexibility to stay in India before & after the trip*
- Starting and Ending Point at Jalandhar

NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE

Account Name
RAGHBIR SINGH
Bank Name
HALIFAX
Sort Code 11-08-07
Account Number
00516474

ADVICE

REQUEST TO ALL SANGAT TO HAVE YOUR OWN TRAVEL INSURANCE INDIVIDUALLY !

FOR MORE INFO CONTACT

RAGHBIR SINGH
(CALL + 44 7458 381111, + 44 7976 210161)

PARAMJIT SHERGILL
+44 7858 198159

INDERJIT KAUR
+44 7883 635835

KULVINDER MANN
+44 7900 982906

121, BROADWAY WEST WALSALL, WEST MIDLANDS, WS1 4DW, ENGLAND UK

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net
ਨਾਮ ਜਪੋ ਕਿਰਤ ਕਰੋ ਵੰਡ ਛਕੋ
Naam Japo Kirat Karo Vand Shako
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਨੌਵੇ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ
ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ
ਗੁਰਮਤਿ ਸਮਾਗਮ
1 ਨਵੰਬਰ 2025, ਦਿਨ ਸ਼ਨੀਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।







ਆਵਾਜ਼ਿ ਕੌਮ AWAZE QAUM
International Newspaper & WEB TV



ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ – 20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ –1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ
ਨੋਟ : ਇਹ ਸਮਾਗਮ 13 ਦਿਨ ਚੱਲੇਗਾ ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ।
ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।
ਬੇਨਤੀ ਕਰਤਾ
ਸੰਤ ਬਾਬਾ ਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404
ਸੰਪਰਕ ਨੰਬਰ
98141-27470
84278-66404
73408-35137

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

## ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

Gurdwara Sahib Shaeed Baba Deep Singh ji Casalmorano Cremona (Italy)

# ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਨਿ ਕੋਟਿ ਧੰਨਵਾਦ

# ਸ਼ੁਕਰਾਨੇ ਦੀ ਅਰਦਾਸ

ਸਨਿੱਚਰਵਾਰ 30 ਅਗਸਤ 2025 ਸ਼ਾਮ 3 ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪੈਣਗੇ। ਉਪਰੰਤ 5 ਵਜੇ ਤੱਕ ਦੀਵਾਨ ਸੱਜਣਗੇ

ਸਰਦਾਰ ਜਤਿੰਦਰ ਸਿੰਘ ਮੰਡ ਦੇ ਘਰ ਪੁੱਤਰ ਕਾਕਾ ਫ਼ਤਹਿ ਫੁਰਮਾਨ ਸਿੰਘ ਦੀ ਦਾਤ ਪ੍ਰਾਪਤ ਹੋਈ। ਸਮੂੰਹ ਮੰਡ ਪਰਿਵਾਰ ਦਾਦਾ ਅਤੇ ਦਾਦੀ ਵੱਲੋਂ ਰਿਸ਼ਤੇਦਾਰ ਸਾਕ ਸਬੰਧੀ ਯਾਰਾਂ ਦੋਸਤਾਂ ਨੂੰ ਬੇਨਤੀ ਹੈ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

--✶ ਗੁਰੂ ਪੰਥ ਦੇ ਸੇਵਾਦਾਰ ✶--

## ਸਮੂਹ ਮੰਡ ਪਰਿਵਾਰ

## ਅਤੇ ਸਾਕ-ਸਬੰਧੀ




# ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਦੇ ਧਾਰਮਿਕ ਸਮਾਗਮਾਂ ਲਈ ਭਾਈ ਕਪਤਾਨ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# +44 7788 283485

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸੱਦਾ ਪੱਤਰ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ,

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ,
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਦੇ 350 ਸਾਲਾ ਗੁਰਤਾ ਗੱਦੀ ਦਿਵਸ ਅਤੇ

## ਦਮਦਮੀ ਟਕਸਾਲ ਦੇ 319ਵੇਂ ਸਥਾਪਨਾ ਦਿਵਸ ਨੂੰ ਸਮਰਪਿਤ

# ਮਹਾਨ ਗੁਰਮਤਿ ਸਮਾਗਮ

ਮਿਤੀ 1 ਅਗਸਤ 2025
ਦਿਨ ਸ਼ੁੱਕਰਵਾਰ ਤੋਂ
7 ਅਗਸਤ 2025 ਦਿਨ ਵੀਰਵਾਰ ਤੱਕ

ਅਸਥਾਨ
ਤਖ਼ਤ ਸ੍ਰੀ ਦਮਦਮਾ ਸਾਹਿਬ
ਤਲਵੰਡੀ ਸਾਬੋ (ਬਠਿੰਡਾ)

ਵਿਖੇ ਕਰਵਾਏ ਜਾ ਰਹੇ ਹਨ।

ਸਵੇਰੇ ਕਥਾ ਦਾ ਸਮਾਂ : ਸਵੇਰੇ 6:15 ਵਜੇ ਤੋਂ 7:00 ਵਜੇ ਤੱਕ
ਸ਼ਾਮ ਨੂੰ ਕਥਾ ਦਾ ਸਮਾਂ : ਸ਼ਾਮ 5:30 ਵਜੇ ਤੋਂ 6:15 ਤੱਕ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
ਮਿਤੀ 5 ਅਗਸਤ 2025
ਦਿਨ ਮੰਗਲਵਾਰ ਸਮਾਂ ਸਵੇਰੇ 8:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ
ਮਿਤੀ 7 ਅਗਸਤ 2025
ਦਿਨ ਵੀਰਵਾਰ ਸਮਾਂ ਸਵੇਰੇ 8:30 ਵਜੇ

ਭੋਗ ਉਪਰੰਤ
ਸਵੇਰੇ 09:30 ਵਜੇ ਤੋਂ
02:00 ਵਜੇ ਤੱਕ
ਮਹਾਨ ਗੁਰਮਤਿ ਸਮਾਗਮ ਹੋਣਗੇ

ਜਿਸ ਵਿੱਚ ਸੰਤ ਮਹਾਂ ਪੁਰਖ ਹਾਜਰੀਆਂ ਭਰਣਗੇ।



6 ਅਤੇ 7 ਅਗਸਤ ਨੂੰ ਵਰਤਮਾਨ ਮੁਖੀ ਦਮਦਮੀ ਟਕਸਾਲ,
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ,
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ ਕਥਾ ਕਰਨਗੇ।

ਸੋ ਆਪ ਜੀ ਨੂੰ ਬੇਨਤੀ ਹੈ
ਆਪ ਜੀ ਅਤੇ ਸੰਗਤਾ ਸਮੇਤ ਸਮੇਂ ਸਿਰ ਆਉਣ ਦੀ
ਕ੍ਰਿਪਾਲਤਾ ਕਰਨੀ ਜੀ।

ਗੁਰੂ ਪੰਥ ਦੇ ਦਾਸ:
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ,
ਮੁਖੀ ਦਮਦਮੀ ਟਕਸਾਲ,
ਪ੍ਰਧਾਨ ਸੰਤ ਸਮਾਜ, ਮੋ:98551-17300

ਆਵਾਜ਼ਿ ਕੌਮ AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ (16.8.1977)

## ਸਮੂਹ ਸ਼ਹੀਦਾਂ ਨੂੰ ਸਮਰਪਿਤ 15/16/17 ਅਗਸਤ 2025 ਨੂੰ ਮਹਾਨ ਗੁਰਮਤਿ ਸਮਾਗਮ

**ਪੁਰਾਤਨ ਮਰਿਯਾਦਾ ਅਨੁਸਾਰ 25 ਸਿੰਘ ਲੱਗ ਕੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਨਿਭਾਈ ਜਾਵੇਗੀ।**

ਸਮੂਹ ਸ਼ਹੀਦਾਂ ਦੀ ਯਾਦ ਅਤੇ ਦਮਦਮੀ ਟਕਸਾਲ ਦੇ 13 ਵੇਂ ਮੁਖੀ ਸ਼੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਭਿੰਡਰਾਂਵਾਲਿਆਂ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

☛ਸ਼ੁੱਕਰਵਾਰ 15 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ 10 ਵਜੇ ਆਰੰਭ ਹੋਵੇਗੀ ਅਤੇ ਸ਼ਾਮ ਨੂੰ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।
☛ਸ਼ਨਿੱਚਰਵਾਰ 16 ਅਗਸਤ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 17 ਅਗਸਤ 2025 ਨੂੰ 6:30 ਵਜੇ ਸਵੇਰੇ ਚੁਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਉਪੰਰਤ 1:00 ਵਜੇ ਤੱਕ ਦੀਵਾਨ ਸਜਣਗੇ।

☛ ਕਵੀਸ਼ਰੀ ਜਥਾ ਗਿਆਨੀ ਸੁਖਵਿੰਦਰ ਸਿੰਘ ਚੀਮਾ ਖੁੱਡੀ ਮਾਝੇ ਵਾਲੇ । ☛ ਕਥਾ ਵਾਚਕ ਗਿਆਨੀ ਹੀਰਾਂ ਸਿੰਘ ਦਮਦਮੀ ਟਕਸਾਲ ਵਾਲੇ। ☛ ਕੀਰਤਨੀ ਜਥਾ ਰਾਗੀ ਭਾਈ ਅਵਤਾਰ ਸਿੰਘ ਬੁੱਟਰ ਬਾਬਾ ਬਕਾਲਾ ਸਾਹਿਬ ਵਾਲੇ ਗੁਰਬਾਣੀ ਕੀਰਤਨ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

**ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।**

• ਵੱਖ-ਵੱਖ ਤਰ੍ਹਾਂ ਦੇ ਸਟਾਲ ਅਤੇ ਛਬੀਲ ਵੀ ਲੱਗੇਗੀ • ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

### ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★








SANJHA PUNJAB
VEG & NON-VEG INDIAN
TAKE AWAY MENU
0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com






SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.

ਆਵਾਜ਼ਿ ਕੌਮ
AWAZE QAUM
International Newspaper & WEB TV


CROWN
INTERIOR DESIGN
DESIGN - MANUFACTURING SUPPLY AND FITTING
Follow us on :
DEALS IN :
ਆਵਾਜ਼ਿ ਕੌਮ
AWAZE QAUM
International Newspaper & WEB TV
Kitchens
Bedrooms
Media Wall
Loft
Wardrobes & Sliding Doors
Dressing Table
Study Room
Bar
All Inclusive Free Measurement
Design & Quotes
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
SCAN HERE FOR WEBSITE


SCAN HERE FOR WEBSITE
Follow us on :
CROWN
INTERIOR DESIGN
DESIGN - MANUFACTURING SUPPLY AND FITTING
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
ਆਵਾਜ਼ਿ ਕੌਮ
AWAZE QAUM
International Newspaper & WEB TV




# ਸਿਕਾਗੋ ਦੇ ਗੁਰਦੁਆਰਾ ਸਾਹਿਬ ਪੈਲੇਟਾਈਨ ਵਿਖੇ ਜਥੇਦਾਰ ਦਾਦੂਵਾਲ ਜੀ ਨੂੰ ਕੀਤਾ ਗਿਆ ਸਨਮਾਨਿਤ



**ਸ਼ਿਕਾਗੋ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਪਿਛਲੇ ਤਿੰਨ ਦਹਾਕਿਆਂ ਤੋਂ ਦੇਸ਼ ਵਿਦੇਸ਼ ਵਿੱਚ ਸਿੱਖੀ ਦਾ ਪ੍ਰਚਾਰ ਪ੍ਰਸਾਰ ਕਰਨ ਵਾਲੇ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਅਮਰੀਕਾ ਵਿਖੇ ਆਪਣੇ ਨਿੱਜੀ ਦੌਰੇ ਤੇ ਪੁੱਜੇ ਹੋਏ ਹਨ ਇਸ ਦੌਰਾਨ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਪ੍ਰਸਿੱਧ ਸ਼ਖਸੀਅਤਾਂ ਸੰਸਥਾਵਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਜਥੇਦਾਰ ਦਾਦੂਵਾਲ ਜੀ ਨੂੰ ਸਨਮਾਨਿਤ ਕੀਤਾ ਗਿਆ ਜਥੇਦਾਰ ਚਰਨ ਸਿੰਘ ਪ੍ਰੇਮਪੁਰਾ ਪ੍ਰਧਾਨ ਐਨ ਆਰ ਆਈ ਵਿੰਗ ਯੂਐਸਏ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ

ਆਵਾਜ਼ਿ ਕੌਮ AWAZE QAUM International Newspaper & WEB TV

ਦੱਸਿਆ ਕੇ ਜਥੇਦਾਰ ਦਾਦੂਵਾਲ ਜੀ ਸ਼ਿਕਾਗੋ ਦੇ ਗੁਰਦੁਆਰਾ ਸਾਹਿਬ ਦਾ ਸਿੱਖ ਰਿਲੀਜ਼ਸ ਸੁਸਾਇਟੀ ਪੈਲੇਟਾਈਨ ਵਿਖੇ ਮੱਥਾ ਟੇਕਿਆ ਸਿੱਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਦੁਨੀਆਂ ਦੇ ਕਿਸੇ ਵੀ ਕੋਨੇ ਧੜੇ ਜਥੇਬੰਦੀ ਵਿੱਚ ਰਹੋ ਪਰ ਹਮੇਸ਼ਾ ਆਪਣੇ ਧਰਮ ਕੌਮ ਸਮਾਜ ਮਨੁੱਖਤਾ ਪ੍ਰਤੀ ਸਮਰਪਿਤ ਹੋ ਕੇ ਕੰਮ ਕਰਨਾ ਚਾਹੀਦਾ ਹੈ ਉਨਾਂ ਕਿਹਾ ਕੇ ਪਤਿਤਪੁਣਾ ਨਸ਼ਿਆਂ ਤੋਂ ਰਹਿਤ ਹੋ ਕੇ ਸਾਬਤ ਸੂਰਤ ਬਣ ਖੰਡਿਓ ਬਾਟੇ ਦਾ ਅੰਮ੍ਰਿਤ ਛੱਕ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣਾ ਚਾਹੀਦਾ ਹੈ ਗੁਰੂ ਵਾਲੇ ਬਣ ਕੇ ਹੀ ਸਾਡਾ ਲੋਕ ਸੁਖੀਆ ਤੇ ਪ੍ਰਲੋਕ ਸੁਹੇਲਾ ਹੋ ਸਕਦਾ ਹੈ ਇਸ ਸਮੇਂ ਗੁਰੂ ਘਰ ਦੇ ਪ੍ਰਬੰਧਕਾਂ ਸਰਦਾਰ ਜੈਰਾਮ ਸਿੰਘ ਕਾਹਲੋਂ ਪ੍ਰਧਾਨ,ਸਰਦਾਰ ਤਰਲੋਚਨ ਸਿੰਘ ਮੁਲਤਾਨੀ ਸਕੱਤਰ,ਭਾਈ ਲਖਵਿੰਦਰ ਸਿੰਘ ਮੁੱਖ ਗ੍ਰੰਥੀ,ਸਰਦਾਰ ਸੰਤੋਖ ਸਿੰਘ ਅਟਵਾਲ,ਸਰਦਾਰ ਤਜਿੰਦਰ ਸਿੰਘ ਪਿਹੋਵਾ,ਸਰਦਾਰ ਓਕਾਂਰ ਸਿੰਘ ਵਿੱਲੋਂ ਅਤੇ ਸਰਦਾਰ ਇਕਬਾਲ ਸਿੰਘ ਮੁਲਤਾਨੀ ਨੇ ਜਥੇਦਾਰ ਦਾਦੂਵਾਲ ਜੀ ਨੂੰ ਸਿਰਪਾਓ ਭੇਂਟ ਕਰਕੇ ਵਿਸ਼ੇਸ਼ ਸਨਮਾਨਿਤ ਕੀਤਾ ਗਿਆ ਇਸ ਸਮੇਂ ਸ਼ਿਕਾਗੋ ਦੇ ਪ੍ਰਸਿੱਧ ਟ੍ਰਾਂਸਪੋਰਟ ਲਖਵੀਰ ਸਿੰਘ ਲੱਕੀ ਸਹੋਤਾ,ਜਥੇਦਾਰ ਦਲੀਪ ਸਿੰਘ ਕਪੂਰਥਲਾ ਅਤੇ ਰਾਗੀ ਭਾਈ ਅਨਮੋਲ ਸਿੰਘ ਗੰਗਾਨਗਰ ਵੀ ਸਿੱਖ ਸੰਗਤਾਂ ਵਿੱਚ ਹਾਜ਼ਰ ਸਨ। ••


ਵਿਸ਼ਵ ਪੰਜਾਬੀ ਸਭਾ, ਕੈਨੇਡਾ
ਵੱਲੋਂ
ਅੰਤਰਰਾਸ਼ਟਰੀ ਸਿੱਖ ਪ੍ਰਚਾਰਕ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਜੀ ਦਾ
ਵਿਸ਼ੇਸ ਸਨਮਾਨ ਸਮਾਰੋਹ
ਮਿਤੀ 7 ਅਗਸਤ 2025 । ਸਮਾਂ: ਸ਼ਾਮ 7 ਤੋਂ 9 ਵਜੇ ਤੱਕ
ਸਥਾਨ – ਵਿਸ਼ਵ ਪੰਜਾਬੀ ਭਵਨ 114 ਕੈਨੇਡੀ ਰੋਡ ਬਰੈਂਪਟਨ
ਸਵਾਗਤ ਕਰਤਾ :
ਚੇਅਰਮੈਨ ਡਾ . ਦਲਬੀਰ ਸਿੰਘ ਕਥੂਰੀਆ
https:/vishavpunjabisabha.in/ Email-vishavpunjabisabha2023@gmail.com
ਸੰਪਰਕ: +1 (416) 700-9100, 98144-12610
ਆਵਾਜ਼ਿ ਕੌਮ AWAZE QAUM
International Newspaper & WEB TV


ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ
ਕਲਮ ਫ਼ਾਊਡੇਸ਼ਨ ਅਤੇ ਸਿੰਘ ਟਰੈਵਲ ਕੈਨੇਡਾ ਵਲੋਂ
(ਅਜੀਤ ਵੀਕਲੀ, ਦਰਸ਼ਨ ਟੀਵੀ ਅਤੇ ਪੰਜਾਬੀ ਸਿੱਖ ਸੰਗਤ ਕੈਨੇਡਾ ਦੇ ਸਹਿਯੋਗ ਨਾਲ)
11ਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ
9 ਅਗਸਤ ਦਿਨ ਸ਼ਨੀਵਾਰ ਸਵੇਰੇ 10 ਤੋ ਸ਼ਾਮ 5 ਵਜੇ ਤੱਕ
ਸਥਾਨ: ਅਜੀਤ ਭਵਨ 7015 Tranmere Drive Mississauga Canada
ਬੁਲਾਰੇ ਅਤੇ ਪ੍ਰਬੰਧਕ:
ਕਾਨਫਰੰਸ ਵਿੱਚ ਵਿਸ਼ੇਸ਼ ਤੌਰ ਤੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਡਾ. ਰਵੇਲ ਸਿੰਘ ਦਿੱਲੀ, ਡਾ. ਪ੍ਰਮਜੀਤ ਸਿੰਘ ਸਰੋਆ, ਡਾ. ਗੁਰਨਾਮ ਕੌਰ, ਪ੍ਰਿੰਸੀਪਲ ਜਸਬੀਰ ਕੌਰ ਪਟਿਆਲਾ, ਡਾ. ਅਮਰ ਸਿੰਘ GNDU, ਡਾ. ਅਖਤਰ ਸੰਧੂ ਹਿਸਟੋਰੀਅਨ, ਤਾਹਿਰਾ ਸਰਾ ਅਤੇ ਡਾ. ਹੁਸਨੈਨ ਅਕਬਰ ਸਮੇਤ ਬਹੁਤ ਸਾਰੇ ਬੁਲਾਰੇ ਤੇ ਕਵੀ ਵੀ ਭਾਗ ਲੈਣਗੇ।
ਆਵਾਜ਼ਿ ਕੌਮ AWAZE QAUM
International Newspaper & WEB TV

### ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਗਤ ਪੂਰਨ ਸਿੰਘ ਦੀ ਬਰਸੀ ਮੌਕੇ

# ਪਿੰਗਲਵਾੜਾ 'ਚ ਹੋਏ ਸਮਾਗਮ 'ਚ ਕੀਤੀ ਸ਼ਮੂਲੀਅਤ

## ਭਗਤ ਪੂਰਨ ਸਿੰਘ ਜੀ ਦੇ ਜੀਵਨ ਤੋਂ ਸੇਧ ਲੈਣ ਦੀ ਪ੍ਰੇਰਣਾ ਕਰਦਿਆਂ ਵਾਤਾਵਰਣ ਅਤੇ ਧਰਤੀ ਤੇ ਜ਼ਮੀਨਾਂ ਨੂੰ ਸੰਭਾਲਣ ਦੀ ਗੱਲ ਵੀ ਆਖੀ
















**ਸ੍ਰੀ ਅੰਮ੍ਰਿਤਸਰ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮਹਾਨ ਸਿੱਖ ਅਤੇ ਵਾਤਾਵਰਣ ਪ੍ਰੇਮੀ ਭਗਤ ਪੂਰਨ ਸਿੰਘ ਜੀ ਦੀ 33ਵੀਂ ਬਰਸੀ ਮੌਕੇ ਅੰਮ੍ਰਿਤਸਰ ਸਥਿਤ ਪਿੰਗਲਵਾੜਾ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਉਨ੍ਹਾਂ ਨੇ ਹਾਜ਼ਰ ਸੰਗਤ ਨੂੰ ਭਗਤ ਪੂਰਨ ਸਿੰਘ ਜੀ ਦੇ ਜੀਵਨ ਤੋਂ ਸੇਧ ਲੈਣ ਦੀ ਪ੍ਰੇਰਣਾ ਕਰਦਿਆਂ ਵਾਤਾਵਰਣ ਅਤੇ ਧਰਤੀ ਨੂੰ ਸੰਭਾਲਣ ਦੀ ਗੱਲ ਵੀ ਆਖੀ। ਜਥੇਦਾਰ ਗੜਗੱਜ ਨੇ ਕੁਝ ਸਮਾਂ ਪਿੰਗਲਵਾੜਾ ਦੇ ਬੱਚਿਆਂ ਵੱਲੋਂ ਗਾਇਨ ਕੀਤਾ ਗਿਆ ਰਸਭਿੰਨਾ ਗੁਰਬਾਣੀ ਕੀਰਤਨ ਵੀ ਸਰਵਣ ਕੀਤਾ ਅਤੇ ਉਪਰੰਤ ਸੰਗਤ ਨੂੰ ਸੰਬੋਧਨ ਕੀਤਾ।

ਹਾਜ਼ਰ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਗਤ ਪੂਰਨ ਸਿੰਘ ਜੀ ਨੇ ਸੱਚੀ ਸੇਵਾ ਭਾਵਨਾ ਨਾਲ ਲੋੜਵੰਦਾਂ, ਦੁਖੀਆਂ ਅਤੇ ਦਰਦਮੰਦਾਂ ਦੇ ਦਰਦ ਨੂੰ ਆਪਣਾ ਦਰਦ ਸਮਝਦਿਆਂ ਉਨ੍ਹਾਂ ਨੂੰ ਆਪਣੇ ਧੀਆਂ ਤੇ ਪੁੱਤਰਾਂ ਵਾਂਗ ਪਾਲ਼ਿਆ। ਉਨ੍ਹਾਂ ਕਿਹਾ ਕਿ ਭਗਤ ਪੂਰਨ ਸਿੰਘ ਪੰਥ ਦੀ ਵੱਡੀ ਮਾਣਮੱਤੀ ਸ਼ਖ਼ਸੀਅਤ ਸਨ, ਜਿਨ੍ਹਾਂ ਉੱਤੇ ਸਮੁੱਚੀ ਸਿੱਖ ਕੌਮ ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਭਗਤ ਪੂਰਨ ਸਿੰਘ ਜੀ ਨੇ ਪੂਰੇ ਜੀਵਨ ਗੁਰਬਾਣੀ ਦੀ ਸਿੱਖਿਆ ਅਨੁਸਾਰ ਸੇਵਾ ਕੀਤੀ। ਉਨ੍ਹਾਂ ਕਿਹਾ ਕਿ ਭਗਤ ਜੀ ਆਪਣੇ ਸ਼ੁਰੂਆਤੀ ਜੀਵਨ ਵਿੱਚ ਲੁਧਿਆਣਾ ਸਥਿਤ ਗੁਰਦੁਆਰਾ ਰੇਰੂ ਸਾਹਿਬ ਵਿਖੇ ਗੁਰੂ ਘਰ ਵਿੱਚ ਹੁੰਦੀ ਸੇਵਾ ਦੇਖ ਕੇ ਪ੍ਰਭਾਵਿਤ ਹੋਏ ਅਤੇ ਮਨ ਕਰਕੇ ਸੱਚੇ ਸਿੱਖ ਬਣ ਗਏ ਤੇ ਅੱਗੇ ਚੱਲ ਕੇ ਵੱਡੀਆਂ ਸੇਵਾਵਾਂ ਕੀਤੀਆਂ।

ਜਥੇਦਾਰ ਗੜਗੱਜ ਨੇ ਕਿਹਾ ਕਿ ਜਦੋਂ ਜੂਨ 1984 ਵਿੱਚ ਫੌਜ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹਮਲਾ ਕੀਤਾ ਤਾਂ ਭਗਤ ਪੂਰਨ ਸਿੰਘ ਨੇ ਇਸ ਦੇ ਰੋਸ ਵਜੋਂ ਸਰਕਾਰ ਵੱਲੋਂ ਮਿਲਿਆ ਹੋਇਆ ਸਨਮਾਨ ਮੋੜਿਆ, ਜੋ ਉਨ੍ਹਾਂ ਦੇ ਪੰਥਕ ਜਜ਼ਬੇ ਨੂੰ ਦਰਸਾਉਂਦਾ ਹੈ।

ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਜਿਵੇਂ ਗੁਰੂ ਸਾਹਿਬਾਨ ਦੀ ਸਿੱਖਿਆ ਅਨੁਸਾਰ ਭਗਤ ਪੂਰਨ ਸਿੰਘ ਜੀ ਨੇ ਹਵਾ, ਪਾਣੀ ਅਤੇ ਵਾਤਾਵਰਣ ਨੂੰ ਸੰਭਾਲਣ ਲਈ ਕਾਰਜ ਕੀਤੇ, ਅਸੀਂ ਵੀ ਉਸੇ ਤਰ੍ਹਾਂ ਆਪਣੀ ਧਰਤੀ ਅਤੇ ਰੁੱਖਾਂ ਨੂੰ ਸੰਭਾਲਣ ਲਈ ਯਤਨ ਕਰੀਏ। ਉਨ੍ਹਾਂ ਕਿਹਾ ਭਗਤ ਜੀ ਨੇ ਜ਼ਮੀਨ ਦੀ ਗੱਲ ਕੀਤੀ ਅਤੇ ਅੱਜ ਵੀ ਲੋੜ ਹੈ ਕਿ ਅਸੀਂ ਆਪਣੀ ਧਰਤੀ ਨੂੰ ਸੰਭਾਲੀਏ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਸੀਮੰਟ ਦੇ ਜੰਗਲ ਉੱਸਰ ਰਹੇ ਹਨ, ਜੋ ਕਿ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਕਿਤੇ ਵੱਧ ਫੀ-ਸਦ ਵਿੱਚ ਹਨ। ਉਨ੍ਹਾਂ ਕਿਹਾ ਕਿ ਅੱਜ ਜਿਵੇਂ ਜ਼ਮੀਨਾਂ ਖੋਹਣ ਦੀ ਗੱਲ ਕੀਤੀ ਜਾ ਰਹੀ ਹੈ ਤਾਂ ਭਗਤ ਪੂਰਨ ਸਿੰਘ ਜਿਹੀ ਮਹਾਨ ਸ਼ਖ਼ਸੀਅਤ ਚੇਤੇ ਆਉਂਦੀ ਹੈ ਜਿਨ੍ਹਾਂ ਨੇ ਉਦੋਂ ਵੀ ਇਸ ਧਰਤੀ ਤੇ ਵਾਤਾਵਰਣ ਨੂੰ ਸੰਭਾਲਣ ਦੀ ਗੱਲ ਕੀਤੀ ਸੀ।

ਜਥੇਦਾਰ ਗੜਗੱਜ ਨੇ ਸਨੇਹਾ ਦਿੱਤਾ ਕਿ ਪਿੰਗਲਵਾੜਾ ਕੌਮ ਦੀ ਵਿਰਾਸਤ ਹੈ ਅਤ ਇਸ ਸੰਸਥਾ ਦਾ ਵੱਧ ਤੋਂ ਵੱਧ ਸਹਿਯੋਗ ਕਰੀਏ। ਉਨ੍ਹਾਂ ਕਿਹਾ ਕਿ ਭਗਤ ਪੂਰਨ ਸਿੰਘ ਜੀ ਨੂੰ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਅਸੀਂ ਰੁੱਖ ਲਾਈਏ, ਰੁੱਖ ਸੰਭਾਲੀਏ ਅਤੇ ਰੁੱਖਾਂ ਦੀ ਕਦਰ ਕਰੀਏ। ਉਨ੍ਹਾਂ ਕਿਹਾ ਕਿ ਜਲ ਜੀਵਨ ਲਈ ਬਹੁਤ ਹੀ ਅਹਿਮ ਹੈ ਇਸ ਨੂੰ ਖਰਾਬ ਨਾ ਕਰੀਏ। ਉਨ੍ਹਾਂ ਕਿਹਾ ਕਿ ਅੱਜ ਦਾ ਅਹਿਮ ਮਾਮਲਾ ਆਪਣੀ ਜ਼ਮੀਨ ਨੂੰ ਸੰਭਾਲਣਾ ਹੈ, ਜੇਕਰ ਜ਼ਮੀਨ ਹੈ ਤਾਂ ਅਸੀਂ ਹਾਂ ਅਤੇ ਜੇਕਰ ਇਹ ਨਾ ਰਹੀਆਂ ਤਾਂ ਅਸੀਂ ਗੁਲਾਮੀ ਕਰਾਂਗੇ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਾਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਹੈ, ਅਸੀਂ ਇਨ੍ਹਾਂ ਜ਼ਮੀਨਾਂ ਨੂੰ ਸੰਭਾਲੀਏ ਅਤੇ ਛੋਟੇ-ਛੋਟੇ ਲਾਲਚਾਂ ਪਿੱਛੇ ਜ਼ਮੀਨਾਂ ਨਾ ਵੇਚੀਏ। ਇਸ ਮੌਕੇ ਪਿੰਗਲਵਾੜਾ ਦੀ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਨੇ ਜਥੇਦਾਰ ਗੜਗੱਜ ਨੂੰ ਸਿਰਪਾਓ, ਪੁਸਤਕਾਂ, ਭਗਤ ਪੂਰਨ ਸਿੰਘ ਦੀ ਤਸਵੀਰ ਆਦਿ ਦੇ ਕੇ ਸਨਮਾਨਿਤ ਕੀਤਾ। ••

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਗੁਰਦੁਆਰਾ ਗੁਰੂ ਨਾਨਕ ਦਰਬਾਰ ਲਸਾਲ ਕੈਨੇਡਾ ਵਿਖੇ

# ਸ਼ਹੀਦ ਸਿੰਘਾਂ ਦੀ ਯਾਦ ਵਿਚ ਕਰਵਾਏ ਗਏ ਕਬੱਡੀ ਕੱਪ




**ਨਵੀਂ ਦਿੱਲੀ 5 ਅਗਸਤ (ਮਨਪ੍ਰੀਤ ਸਿੰਘ ਖਾਲਸਾ)**:- ਕੈਨੇਡਾ, ਮੌਂਟਰੀਆਲ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਲਸਾਲ ਦੇ ਗ੍ਰਾਊਂਡ ਅੰਦਰ ਬੀਤੇ ਐਤਵਾਰ ਨੂੰ ਯੰਗ ਕਬੱਡੀ ਕਲਬ ਅਤੇ ਸ਼ਾਨ-ਏ-ਪੰਜਾਬ ਐਸੋਸੀਏਸਨ ਮੌਂਟਰੀਆਲ ਵੱਲੋ ਕਬੱਡੀ ਕੱਪ ਕਰਵਾਇਆ ਗਿਆ। ਜਿਸ ਵਿੱਚ ਨਾਮੀ ਖਿਡਾਰੀਆਂ ਹਿੱਸਾ ਲੈ ਕੇ ਟੂਰਨਾਮੈਂਟ ਨੂੰ ਯਾਦਗਾਰੀ ਬਣਾ ਦਿੱਤਾ। ਇਸ ਟੂਰਨਾਮੈਂਟ ਨੂੰ ਦੇਖਣ ਲਈ ਹਜਾਰਾਂ ਦੀ ਗਿਣਤੀ ਵਿੱਚ ਸਰੋਤਿਆਂ ਨੇ ਸ਼ਮੂਲੀਅਤ ਕੀਤੀ ਸੀ। ਟੂਰਨਾਮੈਂਟ ਦੀ ਸ਼ੁਰੂਆਤ ਗੁਰੂ ਸਾਹਿਬ ਅੱਗੇ ਅਰਦਾਸ ਨਾਲ ਕੀਤੀ ਗਈ ਜਿਸ ਉਪਰੰਤ ਖਾਲਸਾ ਨੈਸਨਲ ਐਨਥਮ ਤੇ ਕੈਨੇਡੀਅਨ ਨੈਸਨਲ ਐਨਥਮ ਦਾ ਗਾਇਨ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਸਕੱਤਰ ਸਰਦਾਰ ਜਸਵਿੰਦਰ ਸਿੰਘ ਨੇ ਦਸਿਆ ਕਿ ਇਹ ਟੂਰਨਾਮੈਂਟ ਸਹੀਦ ਸਿੰਘਾ ਨੂੰ ਸਮਰਪਿਤ ਕੀਤਾ ਗਿਆ ਤੇ ਟੂਰਨਾਮੈਂਟ ਕਮੇਟੀ ਵੱਲੋ ਬਹੁਤ ਹੀ ਸੁਚਜੇ ਤਰੀਕੇ ਨਾਲ ਪ੍ਰਬੰਧ ਕੀਤੇ ਗਏ ਸਨ ਜਿਸਦੀ ਸਰੋਤਿਆਂ ਵੱਲੋ ਬਹੁਤ ਪਰਸੰਸਾ ਕੀਤੀ ਗਈ ਤੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਬੰਧਕਾ ਦਾ ਹੌਸਲਾ ਵਧਾਇਆ ਗਿਆ। ਇਸ ਕੱਪ ਦੀ ਜੇਤੂ ਟੀਮ ਯੂਨਾਈਟਡ ਕਲੱਬ ਬਰੰਪਟਨ ਤੇ ਦੂਜੇ ਨੰਬਰ ਤੇ ਉਨਟਾਰੀਓ ਕਲੱਬ ਰਹੀ। ਜੇਤੂ ਟੀਮ ਨੂੰ ਪਹਿਲਾ ਇਨਾਮ ਨਿਸ਼ਾਨ ਟਰਾਂਸਪੋਰਟ ਦੇ ਮਾਲਕ ਰਾਜਵਿੰਦਰ ਸਿੰਘ ਅਤੇ ਓ ਟੀ ਟੀ ਦੇ ਮਾਲਕ ਪਰਮਿੰਦਰ ਸਿੰਘ ਪਾਗਲੀ ਵੱਲੋ ਦਿੱਤਾ ਗਿਆ ਤੇ ਦੂਜੇ ਨੰਬਰ ਵਾਲੀ ਟੀਮ ਨੂੰ ਕੈਰੋ ਟਰਾਂਸਪੋਰਟ ਤੇ ਜੇ ਬੀ ਐਮ ਟਰਾਂਸਪੋਰਟ ਦੇ ਬਲਰਾਜ ਸਿੰਘ ਢਿੱਲੋ ਤੇ ਜਤਿੰਦਰ ਸਿੰਘ ਮੁਲਤਾਨੀ ਵੱਲੋ ਦਿੱਤਾ ਗਿਆ। ਨਰਿੰਦਰ ਸਿੰਘ ਮਿਨਹਾਸ ਵੱਲੋ ਸੰਦੀਪ ਲੱਲੀਆ ਤੇ ਮਾਣੇ ਲੱਲੀਆਂ ਨੂੰ ਵਧੀਆ ਕਬੱਡੀ ਖੇਡ ਖੇਡਣ ਕਰਕੇ ਗੋਲਡ ਮੈਡਲ ਦਿੱਤਾ ਗਿਆ ਤੇ ਸੁਖਮਿੰਦਰ ਸਿੰਘ ਹੰਸਰਾ ਦੇ ਸਿੱਖ ਕੋਮ ਲਈ ਕੀਤੇ ਕਾਰਜਾਂ ਦੇ ਸਨਮਾਨ ਵਿੱਚ ਉਹਨਾ ਦੇ ਸਪੁੱਤਰਾਂ ਹਰਪ੍ਰੀਤ ਸਿੰਘ ਹੰਸਰਾ ਜੱਸੀ ਹੰਸਰਾ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਇਸ ਟੂਰਨਾਮੈਂਟ ਵਿੱਚ ਗਿਆਨੀ ਹਰਿੰਦਰ ਸਿੰਘ ਅਲਵਰ ਦਾ ਵੀਂ ਵਿਸ਼ੇਸ਼ ਸਨਮਾਨ ਕੀਤਾ ਗਿਆ ਸੀ। ਇਸ ਟੂਰਨਾਮੈਂਟ ਵਿੱਚ ਮਿਸਲ ਮੌਂਟਰੀਆਲ ਦੇ ਬੱਚਿਆ ਵੱਲੋ ਗੱਤਕੇ ਦੇ ਜੋਹਰ ਵਿਖਾਏ ਗਏ ਜੋ ਖਿੱਚ ਦਾ ਕੇਦਰ ਬਣੇ ਸਨ। ਟੂਰਨਾਮੈਂਟ ਕਮੇਟੀ ਤੇ ਗੁਰੂ ਘਰ ਦੀ ਕਮੇਟੀ ਵੱਲੋਂ ਬੱਚਿਆਂ ਦਾ ਵਿਸੇਸ ਸਨਮਾਨ ਕੀਤਾ ਗਿਆ ਨਾਲ ਹੀ ਸੁਰਜੀਤ ਸਿੰਘ ਭਾਊ ਵੱਲੋ ਬੱਚਿਆਂ ਨੂੰ ਵੈਨਕੁਵਰ ਗਤਕਾ ਕੱਪ ਜਿੱਤਣ ਤੇ ਵਧਾਈ ਦਿੱਤੀ ਗਈ। ਸ਼ਾਨ ਏ ਪੰਜਾਬ ਦੇ ਪ੍ਰਧਾਨ ਨਰਿੰਦਰ ਸਿੰਘ ਮਿਨਹਾਸ ਕਬੱਡੀ ਪਰਮੋਟਰ ਪਰਮਿੰਦਰ ਸਿੰਘ ਪਾਗਲੀ, ਬਲਰਾਜ ਸਿੰਘ ਢਿੱਲੋ, ਜਤਿੰਦਰ ਸਿੰਘ ਮੁਲਤਾਨੀ, ਗਰਦੀਪ ਜੰਡੂ, ਰਾਜਵੀਰ ਸਿੰਘ ਮਿਨਹਾਸ, ਸਰਬਜੀਤ ਸਿੰਘ ਮਿਨਹਾਸ ਵੱਲੋ ਸਾਰੇ ਸਪਾਂਸਰ ਵੀਰਾ ਦਾ ਧੰਨਵਾਦ ਕੀਤਾ ਗਿਆ ਤੇ ਵਿਸੇਸ ਤੋਰ ਤੇ ਗੁਰਦੁਆਰਾ ਪਰਬੰਧਕ ਕਮੇਟੀ ਜਿਹਨਾ ਦੇ ਸਹਿਯੋਗ ਸਦਕਾ ਟੂਰਨਾਮੈਂਟ ਸਫਲ ਹੋ ਸਕਿਆ ਦਾ ਧੰਨਵਾਦ ਕੀਤਾ ਗਿਆ। ਅੰਤ ਵਿਚ ਟੂਰਨਾਮੈਂਟ ਦੇ ਯਾਦਗਾਰੀ ਨਿੱਬੜਨ ਤੇ ਪ੍ਰਬੰਧਕ ਵੀਰਾ ਵੱਲੋ ਗੁਰੂ ਸਾਹਿਬ ਦਾ ਕੋਟਾਨ ਕੋਟਿ ਧੰਨਵਾਦ ਕੀਤਾ ਗਿਆ।

ਜੋਨ ਪੱਧਰੀ ਖੋ-ਖੋ ਟੂਰਨਾਮੈਂਟ ਵਿੱਚ

# ਸਰਕਾਰੀ ਸੈਕੰਡਰੀ ਸਕੂਲ ਮਲਕਾਣਾ ਦਾ ਰਵਾਇਤੀ ਪ੍ਰਦਰਸ਼ਨ ਕਾਇਮ

ਤਲਵੰਡੀ ਸਾਬੋ, 05 ਅਗਸਤ (ਗੁਰਜੰਟ ਸਿੰਘ ਨਥੇਹਾ)- ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰਕਾਰੀ ਹਾਈ ਸਕੂਲ ਲਾਲੇਆਣਾ ਵਿਖੇ ਕਰਵਾਈਆਂ ਜਾ ਰਹੀਆਂ ਜੋਨ ਪੱਧਰੀ ਖੇਡਾਂ ਵਿੱਚ ਖੋ-ਖੋ ਟੂਰਨਾਮੈਂਟ ਵਿੱਚ ਸਰਕਾਰੀ ਸੈਕੰਡਰੀ ਸਕੂਲ ਮਲਕਾਣਾ ਨੇ ਖੋ-ਖੋ ਦੇ 6 ਗਰੁੱਪਾਂ ਵਿਚ ਭਾਗ ਲਿਆ ਅਤੇ 6 ਗਰੁੱਪਾਂ ਵਿੱਚ ਹੀ ਪੁਜੀਸ਼ਨਾਂ ਪ੍ਰਾਪਤ ਕਰਕੇ ਖੋ-ਖੋ ਦਾ ਜੋਨ ਚੈਂਪੀਅਨ ਸਕੂਲ ਬਣਨ ਦਾ ਮਾਣ ਪ੍ਰਾਪਤ ਕੀਤਾ।




ਟੂਰਨਾਮੈਂਟ ਦੀ ਸਮਾਪਤੀ ਤੋਂ ਬਾਅਦ ਪਹਿਲੇ ਦਿਨ ਸਕੂਲ ਪਹੁੰਚਣ ਤੇ ਜੇਤੂ ਟੀਮਾਂ ਦਾ ਮੁੱਖ ਅਧਿਆਪਕ ਚੰਦਰ ਸ਼ੇਖਰ ਸਮੇਤ ਸਮੁੱਚੇ ਸਟਾਫ ਵਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਸਨਮਾਨਿਤ ਕਰਨ ਉਪਰੰਤ ਸਰਟੀਫਿਕੇਟ ਵੀ ਵੰਡੇ ਗਏ। ਇਸ ਮੌਕੇ ਸੰਬੋਧਨ ਕਰਦਿਆਂ ਸਕੂਲ ਮੁਖੀ ਚੰਦਰ ਸ਼ੇਖਰ ਨੇ ਜੇਤੂ ਟੀਮਾਂ ਨੂੰ ਵਧਾਈਆਂ ਦਿੱਤੀਆਂ ਅਤੇ ਜ਼ਿਲ੍ਹਾ ਟੂਰਨਾਮੈਂਟ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਸ਼ੁੱਭ ਇੱਛਾਵਾਂ ਦਿੱਤੀਆਂ। ਖੋ-ਖੋ ਵਿੱਚ ਸਕੂਲ ਦੇ ਬੱਚਿਆਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਗੁਰਮੇਲ ਸਿੰਘ ਸਮਜਿਕ ਸਿੱਖਿਆ ਅਧਿਆਪਕ ਦੀ ਮਿਹਨਤ ਦੀ ਪ੍ਰਸ਼ੰਸਾ ਕੀਤੀ।

ਜੋਨ ਪੱਧਰੀ ਖੇਡਾਂ ਵਿੱਚ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦਿਆਂ ਖੋ-ਖੋ ਕੋਚ ਗੁਰਮੇਲ ਸਿੰਘ ਨੇ ਦੱਸਿਆ ਕਿ ਇਸ ਵਾਰੀ ਸਕੂਲ ਦੇ ਖਿਡਾਰੀਆਂ ਨੇ ਖੋ-ਖੋ ਦੇ 6 ਦੇ 6 ਗਰੁੱਪਾਂ ਵਿੱਚ ਭਾਗ ਲਿਆ ਅਤੇ ਸਾਰੇ ਗਰੁੱਪਾਂ ਵਿਚ ਹੀ ਪੁਜੀਸ਼ਨਾਂ ਪ੍ਰਾਪਤ ਕਰਕੇ ਸਕੂਲ, ਪਿੰਡ, ਸਟਾਫ਼ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਖੋ-ਖੋ ਲੜਕੀਆਂ ਦੇ ਅੰਡਰ-17 ਸਾਲ ਅਤੇ 19 ਸਾਲ ਗਰੁੱਪਾਂ ਨੇ ਜੋਨ ਵਿੱਚੋਂ ਪਹਿਲੀ ਪੁਜੀਸ਼ਨ ਪ੍ਰਾਪਤ ਕੀਤੀ। ਅੰਡਰ-14 ਸਾਲ ਲੜਕੀਆਂ ਅਤੇ ਅੰਡਰ -19 ਸਾਲ ਲੜਕਿਆਂ ਨੇ ਦੂਸਰਾ ਸਥਾਨ ਹਾਸਲ ਕੀਤਾ। ਅੰਡਰ- 14 ਸਾਲ ਲੜਕੇ ਅਤੇ ਅੰਡਰ-17 ਸਾਲ ਲੜਕਿਆਂ ਨੇ ਤੀਸਰੀ ਪੁਜੀਸ਼ਨ ਹਾਸਲ ਕੀਤੀ। ਇਸ ਮੌਕੇ ਕੋਚ ਗੁਰਮੇਲ ਸਿੰਘ ਨੇ ਆਸ ਪ੍ਰਗਟਾਈ ਕਿ ਬੱਚਿਆਂ ਦੀ ਮਿਹਨਤ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਵੀ ਆਪਣਾ ਰੰਗ ਦਿਖਾਵੇਗੀ ਅਤੇ ਚੰਗੀਆਂ ਪੁਜੀਸ਼ਨਾਂ ਪ੍ਰਾਪਤ ਕਰੇਗੀ। ਖੇਡਾਂ ਨਾਲ ਜੁੜਨ ਵਾਲੇ ਬੱਚਿਆਂ ਦੇ ਮਾਪਿਆਂ ਵਲੋਂ ਮਿਲ ਰਹੇ ਭਰਪੂਰ ਸਮਰਥਨ ਲਈ ਮਾਪਿਆਂ ਦਾ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਸਹਿਯੋਗ ਦੀ ਕਾਮਨਾ ਕੀਤੀ ਗਈ। ਇਸ ਮੌਕੇ ਅਧਿਆਪਕ ਹਰਬੰਸ ਸਿੰਘ, ਗੁਰਜੀਤ ਸਿੰਘ, ਦਲ ਸਿੰਘ, ਹਰਜੀਵਨ ਸਿੰਘ, ਰਾਜਵਿੰਦਰ ਸਿੰਘ, ਪਰਮਜੀਤ ਕੌਰ, ਦਲਪ੍ਰੀਤ ਕੌਰ ਸਮੇਤ ਸਮੂਹ ਸਟਾਫ ਵੱਲੋਂ ਜੇਤੂ ਬੱਚਿਆਂ ਨੂੰ ਮੁਬਾਰਕਾਂ ਦਿੱਤੀਆਂ ਅਤੇ ਜ਼ਿਲ੍ਹਾ ਪੱਧਰ ਟੂਰਨਾਮੈਂਟ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਹੌਂਸਲਾ ਅਫਜ਼ਾਈ ਕੀਤੀ।

# ਸਿੱਖ ਕੌਮ ਨੂੰ ਬਹੁਤ ਸਾਰੇ ਕੇਸਾ ਵਿੱਚ ਸੀ ਬੀ ਆਈ ਨੇ ਇਨਸਾਫ ਦਿਵਾਇਆ : ਕਰਨੈਲ ਸਿੰਘ ਪੀਰਮੁਹੰਮਦ



**ਮੋਹਾਲੀ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਫਰਜੀ ਪੁਲੀਸ ਮੁਕਾਬਲਾ ਬਣਾਉਣ ਸੇਵਾਮੁਕਤ ਵਾਲੇ ਐਸ ਐਸ ਪੀ ਨੂੰ ਸੀ ਬੀ ਆਈ ਦੀ ਮੁਹਾਲੀ ਸਥਿਤ ਵਿਸ਼ੇਸ਼ ਅਦਾਲਤ ਵੱਲੋਂ ਸਾਬਕਾ ਐੱਸ ਐੱਸ ਪੀ ਭੁਪਿੰਦਰਜੀਤ ਸਿੰਘ, ਡੀ ਐੱਸ ਪੀ ਦਵਿੰਦਰ ਸਿੰਘ ਇੰਸਪੈਕਟਰ ਸੂਬਾ ਸਿੰਘ, ਇੰਸਪੈਕਟਰ ਗੁਲਬਰਗ ਸਿੰਘ ਅਤੇ ਇੰਸਪੈਕਟਰ ਰਘਬੀਰ ਸਿੰਘ ਜਿਨ੍ਹਾਂ ਨੂੰ 7 ਨੌਜਵਾਨਾਂ ਨੂੰ ਜੂਨ 1993 ਵਿਚ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਦੇ ਕੇਸ ਵਿਚ ਬੀਤੇ ਦਿਨੀ ਸੀ ਬੀ ਆਈ ਅਦਾਲਤ ਮੋਹਾਲੀ ਵਲੋਂ ਦੋਸ਼ੀ ਕਰਾਰ ਦਿੱਤਾ ਸੀ ਨੂੰ ਅੱਜ ਉਮਰ ਕੈਦ ਦੀ ਸਜਾ ਸੁਣਾਈ ਗਈ ਅਤੇ 17.5 ਲੱਖ ਜੁਰਮਾਨਾ। ਜੋ ਪੀੜਤ ਪਰਿਵਾਰਾ ਨੂੰ ਮਿਲੇਗਾ। ਇਸ ਫੈਸਲੇ ਤੇ ਤਸੱਲੀ ਪ੍ਰਗਟ ਕਰਦਿਆ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਹੈ ਕਿ ਭਾਵੇ ਬਹੁਤ ਦੇਰ ਨਾਲ ਇਨਸਾਫ ਹੋਇਆ ਹੈ ਪਰ ਸੀ ਬੀ ਆਈ ਦੀ ਭਰੋਸੇਯੋਗਤਾ ਨੂੰ ਵੀ ਹੋਰ ਬਲ ਮਿਲਿਆ ਹੈ। ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਬੀਤੇ ਚਾਰ ਦਹਾਕਿਆ ਦੌਰਾਨ ਪੰਜਾਬ ਦੀ ਧਰਤੀ ਤੇ ਲਾਲਚਵੱਸ ਹੋਕੇ ਬਹੁਤ ਸਾਰੇ ਪੁਲਿਸ ਅਧਿਕਾਰੀਆ ਨੇ ਤਰੱਕੀਆ ਪ੍ਰਾਪਤ ਕਰਨ ਲਈ ਸਿੱਖ ਜੁਆਨੀ ਦੇ ਨਾਲ ਖੂਨ ਦੀ ਹੋਲੀ ਖੇਡੀ ਜਿਸ ਦਾ ਹੁਣ ਜਾਕੇ ਇਨਸਾਫ ਹੋ ਰਿਹਾ ਹੈ। ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਐਡਵੋਕੇਟ ਸਰਬਜੀਤ ਸਿੰਘ ਵੇਰਕਾ ਤੇ ਉਹਨਾਂ ਦੇ ਸਾਥੀ ਵਕੀਲਾ ਦੀ ਵੀ ਪ੍ਰਸੰਸਾ ਕੀਤੀ ਜਿੰਨਾ ਨੇ ਇਨਸਾਫ ਦਿਵਾਉਣ ਵਿੱਚ ਅਹਿਮ ਯੋਗਦਾਨ ਪਾਇਆ।

# ਮਾਮਲਾ ਡੇਰਾ ਸਿਰਸਾ ਮੁਖੀ ਨੂੰ ਪੈਰੋਲ ਦੇਣ ਦਾ : ਕਾਤਲਾਂ, ਬਲਾਤਕਾਰੀਆਂ ਤੇ ਪੰਥ ਦੋਖੀਆਂ ਨੂੰ ਸ਼ਿਹ ਦੇ ਰਹੀ ਭਾਜਪਾ - ਫੈਡਰੇਸ਼ਨ ਭਿੰਡਰਾਂਵਾਲਾ



**ਅੰਮ੍ਰਿਤਸਰ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ 40 ਦਿਨਾਂ ਦੀ ਮੁੜ ਪੈਰੋਲ ਦੇਣ 'ਤੇ ਪੰਥਕ ਜਥੇਬੰਦੀ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਫੈਡਰੇਸ਼ਨ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਛੇ ਜੂਨ, ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਜਥੇਬੰਦਕ ਸਕੱਤਰ ਭਾਈ ਮਨਪ੍ਰੀਤ ਸਿੰਘ ਮੰਨਾ ਅਤੇ ਦਿਹਾਤੀ ਪ੍ਰਧਾਨ ਬਾਬਾ ਸੁਖਵਿੰਦਰ ਸਿੰਘ ਨਿਜ਼ਾਮਪੁਰ ਨੇ ਕਿਹਾ ਕਿ ਡੇਰਾ ਸਿਰਸਾ ਮੁਖੀ ਨੂੰ 14ਵੀਂ ਵਾਰ ਪੈਰੋਲ ਦੇ ਕੇ ਭਾਜਪਾ ਸਰਕਾਰ ਨੇ ਸਿੱਖਾਂ ਦੇ ਜ਼ਖ਼ਮਾਂ 'ਤੇ ਦੁਬਾਰਾ ਲੂਣ ਛਿੜਕਿਆ ਹੈ। ਇਹ ਸਿੱਖਾਂ ਨੂੰ ਪੀੜ ਅਤੇ ਸੰਤਾਪ ਦੇਣ ਵਾਲੀ ਗੱਲ ਹੈ। ਸਿੱਖ ਆਗੂ ਨੇ ਕਿਹਾ ਕਿ ਇੱਕ ਪਾਸੇ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਭਾਜਪਾ ਵਿੱਚ ਗਏ ਸਿੱਖ ਆਗੂ ਜੋ ਬੰਦੀ ਸਿੰਘਾਂ ਨੂੰ ਤਾਂ ਰਿਹਾਅ ਨਹੀਂ ਕਰਵਾ ਸਕੇ, ਸਿੱਖ ਮਸਲੇ ਹੱਲ ਨਹੀਂ ਕਰਵਾ ਸਕੇ, ਉਲਟਾ ਸਿੱਖ ਕੌਮ ਨੂੰ ਹਿੰਦੂਤਵ ਦੇ ਡੂੰਘੇ ਸਮੁੰਦਰ 'ਚ ਸੁੱਟ ਰਹੇ ਹਨ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਡੇਰਾ ਸਿਰਸਾ ਮੁਖੀ ਨੂੰ ਵਾਰ-ਵਾਰ ਪੈਰੋਲ ਦੇ ਕੇ ਹੁਣ ਭਾਜਪਾ ਸਰਕਾਰ ਪੰਜਾਬ ਵਿੱਚ ਹੋਰ ਵੀ ਬੇਅਦਬੀਆਂ ਕਰਵਾ ਸਕਦੀ ਹੈ, ਜਿਸ ਨਾਲ ਪੰਜਾਬ ਦਾ ਸ਼ਾਂਤ ਮਾਹੌਲ ਖ਼ਰਾਬ ਹੋਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਡੇਰਾ ਮੁਖੀ ਨੂੰ ਵੋਟ ਬੈਂਕ ਵਜੋਂ ਵਰਤ ਰਹੀ ਹੈ। ਉਹਨਾਂ ਕਿਹਾ ਕਿ ਗੁਰਮੀਤ ਰਾਮ ਰਹੀਮ ਇੱਕ ਕਾਤਲ, ਬਲਾਤਕਾਰੀ ਤੇ ਪੰਥ ਦੋਖੀ ਹੈ ਉਸ ਨੂੰ ਸਰਕਾਰ ਵਾਰ-ਵਾਰ ਜੇਲ੍ਹੋਂ ਬਾਹਰ ਕੱਢ ਕੇ ਕਾਤਲਾਂ, ਬਲਾਤਕਾਰੀਆਂ ਤੇ ਪੰਥ ਦੋਖੀਆਂ ਨੂੰ ਸ਼ਿਹ ਦੇ ਰਹੀ ਹੈ। ਉਹਨਾਂ ਕਿਹਾ ਕਿ ਦੀਆਂ ਬੇਅਦਬੀਆਂ ਮਾਮਲੇ 'ਚ ਵੀ ਡੇਰਾ ਸਿਰਸਾ ਮੁਖੀ ਮੁੱਖ ਦੋਸ਼ੀ ਹੈ, ਭਾਜਪਾ ਵੱਲੋਂ ਇਸ ਨਾਲ ਯਾਰੀ ਨਿਭਾਉਣੀ ਦਾ ਮਤਲਬ ਹੈ ਕਿ ਭਾਜਪਾਈਆਂ ਦੇ ਮਨਾਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਕੋਈ ਸਤਿਕਾਰ ਨਹੀਂ ਹੈ।




## ਵਰ੍ਹੇਗੰਢ ਮੁਬਾਰਕ

ਹਰਪ੍ਰੀਤ ਸਿੰਘ ਤੇ ਕਨਨਦੀਪ ਕੌਰ ਵਾਸੀ ਅਕਾਲਗੜ੍ਹ ਢਪੱਈਆਂ ਨੂੰ ਵਿਆਹ ਦੀ ਪਹਿਲੀ ਵਰ੍ਹੇਗੰਢ ਦੀਆਂ ਬਹੁਤ ਬਹੁਤ ਮੁਬਾਰਕਾਂ।

ਆਵਾਜ਼ਿ ਕੌਮ AWAZE QAUM International Newspaper & WEB TV

### ਪੀ.ਬੀ.ਐੱਸ. ਸ਼ੌਪਿੰਗ ਸੈਂਟਰ ਮਹਿਤਾ ਚੌਕ ਵਾਲਿਆਂ ਵਲੋਂ ਰੱਖੜੀ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ

# 5 ਹਜ਼ਾਰ ਦੀ ਖ਼ਰੀਦਦਾਰੀ 'ਤੇ ਕੱਢੇ ਜਾਣਗੇ ਲੱਕੀ ਡਰਾਅ





ਬਲਕਾਰ ਸਿੰਘ


ਸਤਨਾਮ ਸਿੰਘ


ਪਰਮਜੀਤ ਸਿੰਘ

**ਪੀ ਬੀ ਐਸ ਮੌਲ ਚੌਕ ਮਹਿਤਾ**

**ਚੌਕ ਮਹਿਤਾ, 5 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੀ.ਬੀ.ਐੱਸ. ਸ਼ੌਪਿੰਗ ਸੈਂਟਰ ਮਹਿਤਾ ਚੌਕ (ਅੰਮ੍ਰਿਤਸਰ) ਵਾਲਿਆਂ ਵਲੋਂ ਇਲਾਕੇ ਦੇ ਲੋਕਾਂ ਨੂੰ ਇਕ ਛੱਤ ਹੇਠਾਂ ਹੀ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਸ ਕਰ ਕੇ ਇਹ ਸ਼ੌਪਿੰਗ ਸੈਂਟਰ ਲੋਕਾਂ ਦੀ ਪਹਿਲੀ ਪਸੰਦ ਬਣ ਚੁੱਕਾ ਹੈ। ਇਥੇ ਵੱਖ-ਵੱਖ ਕੰਪਨੀਆਂ ਦੇ ਔਰਤਾਂ, ਮਰਦਾਂ ਅਤੇ ਬੱਚਿਆਂ ਦੇ ਕੱਪੜਿਆਂ ਤੋਂ ਇਲਾਵਾ ਹੋਰ ਕਈ ਤਰ੍ਹਾਂ ਦਾ ਖ਼ਰੀਦੋ-ਫ਼ਿਰੋਖਤ ਦਾ ਸਾਮਾਨ ਮੁਹੱਈਆ ਕਰਵਾਇਆ ਜਾ ਰਿਹਾ ਹੈ। ਪੀ.ਬੀ.ਐੱਸ. ਸ਼ੌਪਿੰਗ ਸੈਂਟਰ ਦੇ ਮਾਲਕ ਬਲਕਾਰ ਸਿੰਘ, ਸਤਨਾਮ ਸਿੰਘ, ਪਰਮਜੀਤ ਸਿੰਘ ਅਤੇ ਅਜੀਤ ਸਿੰਘ ਨੇ ਦੱਸਿਆ ਕਿ ਗ੍ਰਾਹਕਾਂ ਦੀ ਮੰਗ 'ਤੇ ਦੂਸਰੀ ਵਾਰ ਲੱਕੀ ਡਰਾਅ ਸਕੀਮ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਰੈਡੀਮੇਡ ਕੱਪੜਿਆਂ ਤੋਂ ਇਲਾਵਾ ਖੁੱਲ੍ਹਾ ਕੱਪੜਾ, ਅਟੈਚੀ, ਫੈਂਸੀ ਸੂਟ, ਚੁੰਨੀਆਂ, ਪੱਗਾਂ, ਕੁੜਤੇ-ਪਜਾਮੇ, ਕੋਟ-ਪੈਂਟ, ਹੈਂਡਲੂਮ, ਬਰਾਈਡਲ ਕੱਪੜਿਆਂ ਦੀ ਵੱਡੀ ਕਿਸਮ ਸ਼ਹਿਰਾਂ ਨਾਲੋਂ ਘੱਟ ਮੁੱਲ 'ਤੇ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਫੁੱਲ ਵੈਲ ਪੱਗ ਦੇ 380 ਰੰਗ ਅਤੇ ਹਾਫ਼ ਵੈਲ ਪੱਗ 'ਤੇ ਵੀ 380 ਰੰਗ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਇਸ ਵਿਚ ਪੂਰੇ ਵਿਆਹ ਘੱਟ ਮੁੱਲ 'ਤੇ ਕੱਪੜੇ ਲੋਕ ਖ਼ਰੀਦ ਸਕਦੇ ਹਨ। ਜ਼ਿਕਰਯੋਗ ਹੈ ਕਿ ਇਸ ਸ਼ੌਪਿੰਗ ਸੈਂਟਰ ਦੇ ਖੁੱਲਣ ਨਾਲ ਜਿੱਥੇ ਅੰਮ੍ਰਿਤਸਰ ਦਿਹਾਤੀ ਇਲਾਕੇ ਦੇ ਲੋਕਾਂ ਦੇ ਨਾਲ-ਨਾਲ ਕਸਬਾ ਚੌਕ ਮਹਿਤਾ ਤੇ ਆਸ-ਪਾਸ ਦੇ 200 ਪਿੰਡਾਂ ਦੇ ਕਰੀਬ ਲੋਕਾਂ ਨੂੰ ਵੱਡੀ ਸਹੂਲਤ ਮੁਹੱਈਆ ਕਰਵਾਈ ਗਈ ਹੈ। ਇਸ ਸੈਂਟਰ ਵਿੱਚ ਜਿੱਥੇ ਲੋਕ ਪੱਗਾਂ ਦੇ ਵੱਖ-ਵੱਖ ਰੰਗਾਂ ਨੂੰ ਡਿਸਪਲੇਅ ਤੇ ਲੱਗੀਆਂ ਡੰਮੀਆਂ ਤੇ ਬੱਜੀਆਂ ਪੱਗਾਂ ਨੂੰ ਆਰਾਮ ਨਾਲ ਵੇਖ ਸਕਦੇ ਹਨ, ਉਥੇ ਨਾਲ ਹੀ ਔਰਤਾਂ ਲਈ ਗਰਮੀਆਂ ਤੇ ਸਰਦੀਆਂ ਵਿਚ ਹਜ਼ਾਰਾਂ ਰੰਗ ਅਤੇ ਵੰਨ-ਸਵੰਨੀ ਕਿਸਮ ਮੁਹੱਈਆ ਹੋਣ ਨਾਲ ਔਰਤਾਂ ਲਈ ਵੀ ਇਹ ਸ਼ੌਪਿੰਗ ਸੈਂਟਰ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਸ਼ੌਪਿੰਗ ਸੈਂਟਰ ਦੇ ਮਾਲਕਾਂ ਨੇ ਦੱਸਿਆ ਕਿ ਡਰਾਅ ਦੀ ਦੂਸਰੀ ਸਕੀਮ ਤਹਿਤ 5 ਹਜ਼ਾਰ ਦੀ ਖ਼ਰੀਦ ਕਰਨ ਵਾਲੇ ਗ੍ਰਾਹਕਾਂ ਦੇ ਕੂਪਨ ਪਾਏ ਜਾਣਗੇ, ਜਿਨ੍ਹਾਂ ਦਾ ਡਰਾਅ 11 ਅਗਸਤ ਨੂੰ ਕੱਢਿਆ ਜਾਵੇਗਾ। ਇਸ ਵਿਚ ਪਹਿਲਾ ਇਨਾਮ ਇਕ ਸਪਲੈਂਡਰ ਮੋਟਰਸਾਈਕਲ, ਦੂਸਰਾ ਇਲੈਕਟ੍ਰਿਕ ਸਕੂਟੀ, ਤੀਸਰਾ ਫਰਿੱਜ਼, ਚੌਥਾ 21 ਪੱਖੇ ਅਤੇ ਪੰਜਵਾਂ 21 ਪ੍ਰੈੱਸ ਕੱਢੀਆਂ ਜਾਣਗੀਆਂ। ਇਸ ਸਕੀਮ ਨਾਲ ਲੋਕਾਂ ਵਿਚ ਕੱਪੜੇ ਦੀ ਖ਼ਰੀਦਦਾਰੀ ਕਰਨ ਲਈ ਹੋਰ ਵੀ ਖਿੱਚ ਵਧ ਗਈ ਹੈ। ਇਸ ਸ਼ੌਪਿੰਗ ਸੈਂਟਰ ਵਿਚ ਲੋਕ ਹੁਣ ਦੂਸਰੇ ਰਾਜਾਂ ਤੋਂ ਵੀ ਖ਼ਰੀਦੋ-ਫਰੋਖਤ ਕਰਨ ਲਈ ਆ ਰਹੇ ਹਨ। ਇਥੇ ਹੀ ਬੱਸ ਨਹੀਂ ਦੇਸ਼-ਵਿਦੇਸ਼ਾਂ ਤੋਂ ਲੋਕ ਆਨਲਾਈਨ ਖ਼ਰੀਦਦਾਰੀ ਕਰ ਰਹੇ ਹਨ ਅਤੇ ਸ਼ੌਪਿੰਗ ਸੈਂਟਰ ਵਾਲਿਆਂ ਵਲੋਂ ਵਧੀਆ ਢੰਗ ਨਾਲ ਪੈਕਿੰਗ ਕਰ ਕੇ ਲੋਕਾਂ ਨੂੰ ਉਨ੍ਹਾਂ ਵਲੋਂ ਖ਼ਰੀਦਿਆ ਸਾਮਾਨ ਸਹੀ-ਸਲਾਮਤ ਵੱਖ-ਵੱਖ ਵਿਦੇਸ਼ਾਂ ਵਿਚ ਭੇਜਿਆ ਜਾ ਰਿਹਾ ਹੈ।

**ਮੋਟਰਸਾਈਕਲ, ਸਕੂਟੀ ਤੇ ਹੋਰ ਕਈ ਆਕਰਸ਼ਿਤ ਇਨਾਮ ਡਰਾਅ ਵਿਚ ਸ਼ਾਮਿਲ, 11 ਨੂੰ ਕੱਢਿਆ ਜਾਵੇਗਾ ਡਰਾਅ**

ਆਵਾਜ਼ਿ ਕੌਮ AWAZE QAUM International Newspaper & WEB TV

### ਤੀਆਂ ਦੇ ਤਿਉਹਾਰ ਤੇ ਜੈ ਮਾਂ ਲਕਸ਼ਮੀ ਇਨਕਲੇਵ ਦੀਆਂ

# ਔਰਤਾਂ ਨੇ ਮਨਾਈਆਂ ਖੁਸ਼ੀਆਂ



**ਫ਼ਿਰੋਜ਼ਪੁਰ, 5 ਅਗਸਤ (ਮਨੋਹਰ ਲਾਲ) :—** ਤੀਆਂ ਦੇ ਤਿਉਹਾਰ ਦੀ ਮਹੱਤਤਾ ਨੂੰ ਦੇਖਦਿਆਂ ਜੈ ਮਾਂ ਲਕਸ਼ਮੀ ਇਨਕਲੇਵ ਫ਼ਿਰੋਜ਼ਪੁਰ ਸ਼ਹਿਰ ਦੀਆਂ ਔਰਤਾਂ ਨੇ ਮਨਾਈਆਂ ਖੁਸ਼ੀਆਂ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਤੀਆਂ ਦੇ ਤਿਉਹਾਰ ਨੂੰ ਜ਼ੋਸ਼ੋ—ਖਰੋਸ਼ ਨਾਲ ਮਨਾਉਂਦਿਆਂ ਇਲਾਕੇ ਦੀਆਂ ਔਰਤਾਂ ਨੇ ਨੱਚ—ਟੱਪ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ। ਸ਼ਹਿਰਾਂ ਵਿਚ ਸੱਥ ਨਾ ਹੋਣ ਦੇ ਚਲਦਿਆਂ ਇਨ੍ਹਾਂ ਔਰਤਾਂ ਨੇ ਇਸ ਤਿਉਹਾਰ ਨੂੰ ਨਿਵੇਕਲੇ ਢੰਗ ਨਾਲ ਮਨਾਉਂਦਿਆਂ ਇਕ ਹੋਟਲ ਵਿਚ ਤੀਆਂ ਦਾ ਸਮਾਗਮ ਕਰਵਾਇਆ ਗਿਆ, ਜਿਥੇ ਇਕੱਠੀਆਂ ਹੋਈਆਂ ਔਰਤਾਂ ਨੇ ਬੋਲੀਆਂ ਪਾ ਕੇ ਗਿੱਧਾ ਪਾਉਂਦਿਆਂ ਪੁਰਾਤਣ ਪਿਰਤ ਨੂੰ ਅੱਗੇ ਤੌਰਿਆ। ਇਸ ਮੌਕੇ ਔਰਤਾਂ ਵੱਲੋਂ ਢੋਲਕੀ ਦੀ ਤਾਲ ਤੇ ਨੱਚ—ਟੱਪ ਕੇ ਆਪਣੇ ਅੰਦਰਲੀ ਖੁਸ਼ੀ ਦਾ ਇਜਹਾਰ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੇਨੂੰਕਾ, ਜ਼ੋਤੀ, ਰਣਜੀਤਾ ਧਵਨ, ਸ਼ਾਲੂ ਚੁੱਘ, ਜ਼ੋਤੀ ਸ਼ਰਮਾ, ਸੁਨੀਤਾ ਸੋਢੀ ਤੇ ਸਾਥਣ ਨੇ ਦੱਸਿਆ ਕਿ ਤੀਆਂ ਦੇ ਤਿਉਹਾਰ ਦੀ ਮਹੱਤਤਾ ਨੂੰ ਦੇਖਦੇ ਹੋਏ ਉਨ੍ਹਾਂ ਵੱਲੋਂ ਕਈ ਸਾਲਾਂ ਤੋਂ ਇਨ੍ਹਾਂ ਦਿਨਾਂ ਵਿਚ ਤੀਆਂ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਵਿਚ ਇਲਾਕੇ ਦੀਆਂ ਔਰਤਾਂ ਸਮੇਤ ਉਨ੍ਹਾਂ ਦੀਆਂ ਜਾਣਕਾਰ ਬੀਬੀਆਂ ਸ਼ਿਰਕਤ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਤੀਆਂ ਦਾ ਸਮਾਗਮ ਕਰਵਾਉਣ ਨਾਲ ਜਿਥੇ ਸਾਰੀਆਂ ਸਹੇਲੀਆਂ ਦੇ ਇਕੱਠੀਆਂ ਹੋਣ ਦਾ ਸਬੱਬ ਬਣਦਾ ਹੈ, ਉਥੇ ਬਿਨ੍ਹਾਂ ਕਿਸੇ ਸਮਾਗਮ ਦੇ ਇਹ ਸਾਂਝਾ ਸਮਾਗਮ ਸਭਨਾਂ ਅੰਦਰ ਖੁਸ਼ੀ ਭਰਨ ਦਾ ਕਾਰਜ ਕਰਦਾ ਹੈ, ਜਿਸ ਨਾਲ ਉਨ੍ਹਾਂ ਦੀ ਰੂਹ ਤੱਕ ਖੁਸ਼ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਦਹਾਕਿਆਂ ਤੋਂ ਚਲੀ ਆ ਰਹੀ ਇਸ ਪਿਰਤ ਨੇ ਜਿਥੇ ਸਾਡੀਆਂ ਜੜ੍ਹਾਂ ਆਪਣੇ ਬਜ਼ੁਰਗਾਂ ਨਾਲ ਜ਼ੋੜੀਆਂ ਹਨ, ਉਥੇ ਇਸ ਦਿਨ ਦੀ ਮਹੱਤਤਾ ਅਤੇ ਖੁਸ਼ੀ ਨਾਲ ਉਨ੍ਹਾਂ ਨੂੰ ਇਕਠਿਆ ਹੋਣ ਦਾ ਮੌਕਾ ਮਿਲਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

## ਨੌਵੇਂ ਪਾਤਸ਼ਾਹ ਜੀ ਦਾ 350 ਸਾਲਾਂ ਸ਼ਹੀਦੀ ਦਿਹਾੜੇ ਦੇ ਸਮਾਗਮਾਂ ਨੂੰ ਵਿਸ਼ਵ ਪੱਧਰੀ ਤੌਰ ਤੇ ਮਨਾਉਣ ਲਈ ਦਿੱਲੀ ਕਮੇਟੀ ਪ੍ਰਬੰਧਕ ਸਭ ਨੂੰ ਇਕ ਪਲੇਟਫਾਰਮ ਤੇ ਇੱਕਠਾ ਕਰਣ: ਪਰਮਜੀਤ ਸਿੰਘ ਵੀਰਜੀ



**ਨਵੀਂ ਦਿੱਲੀ 5 ਅਗਸਤ (ਮਨਪ੍ਰੀਤ ਸਿੰਘ ਖਾਲਸਾ):-** ਨੌਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਦੇ ਸਮਾਗਮਾਂ ਨੂੰ ਵਿਸ਼ਵ ਪੱਧਰੀ ਤੌਰ ਤੇ ਮਨਾਉਣ ਲਈ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਬੰਧਕ ਜੋ ਆਪਣੇ ਤਿੰਨ ਚਾਰ ਬੰਦਿਆਂ ਵਿਚ ਹੀ ਘਿਰੇ ਹੋਏ ਹਨ, ਜਦਕਿ ਉਨ੍ਹਾਂ ਨੂੰ ਸਮੂਹ ਸਿੱਖ ਪੰਥ ਦੀਆਂ ਧਾਰਮਿਕ, ਰਾਜਸੀ, ਨਿਹੰਗ ਜੱਥੇਬੰਦੀਆਂ, ਟਕਸਾਲਾਂ ਅਤੇ ਫੈਡਰੇਸ਼ਨਾਂ ਨੂੰ ਨਾਲ ਲੈ ਕੇ ਇਕ ਸਾਂਝਾ ਪਲੇਟਫਾਰਮ ਬਨਾਣ ਦਾ ਉਪਰਾਲਾ ਕਰਣ ਦੀ ਜਰੂਰਤ ਸੀ। ਗੁਰੂਬਾਣੀ ਰਿਸਰਚ ਫਾਉਂਡੇਸ਼ਨ ਦੇ ਮੁੱਖੀ ਅਤੇ ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਕੋ ਚੇਅਰਮੈਨ ਸਰਦਾਰ ਪਰਮਜੀਤ ਸਿੰਘ ਵੀਰਜੀ ਨੇ ਮੀਡੀਆ ਨੂੰ ਜਾਰੀ ਕੀਤੇ ਇਕ ਪ੍ਰੈਸ ਨੋਟ ਰਾਹੀਂ ਕਿਹਾ ਕਿ ਇਹ ਸ਼ਤਾਬਦੀ ਸਮਾਰੋਹ ਇੱਕਲੇ ਦਿੱਲੀ ਕਮੇਟੀ ਦਾ ਨਹੀਂ ਹੈ ਪੂਰੇ ਪੰਥ ਦਾ ਹੈ ਤੇ ਇਸ ਲਈ "ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ" ਕਿਸ ਲਈ ਹੋਈ, ਬਾਰੇ ਵੱਡੇ ਤੌਰ ਤੇ ਪ੍ਰਚਾਰ ਦੀ ਸਖ਼ਤ ਲੋੜ ਹੈ ਜਿਸ ਨਾਲ ਸੰਸਾਰ ਨੂੰ ਪਤਾ ਲਗ ਸੱਕੇ ਕਿ ਨੌਵੇਂ ਪਾਤਸ਼ਾਹ ਨੇ "ਤਿਲਕ ਅਤੇ ਜੰਝੂ" ਦੀ ਰਾਖੀ ਲਈ ਸੀਸ ਵਾਰਿਆ ਤੇ ਉਨ੍ਹਾਂ ਦੇ ਤਿੰਨ ਅਨਿਨ ਸਿੱਖਾਂ ਨੇ ਵੀਂ ਮੁਗਲਾਂ ਦੀ ਇੰਨ ਨਾ ਮੰਨਦਿਆ ਸ਼ਹਾਦਤ ਦਾ ਜਾਮ ਪੀਣਾ ਸਵੀਕਾਰ ਕੀਤਾ ਸੀ, ਪਰ ਅਜ ਸਿੱਖਾਂ ਨੂੰ ਦੇਸ਼ ਅੰਦਰ ਦੂਜੇ ਦਰਜ਼ੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਵਾਰ ਵਾਰ ਕਰਵਾਇਆ ਜਾਂਦਾ ਹੈ ਕਦੇ ਪੇਪਰ ਦੇ ਰਹੇ ਬੱਚਿਆਂ ਦੇ ਕਕਾਰਾਂ ਤੇ ਪਾਬੰਦੀਆਂ, ਕਦੇ ਏਅਰਪੋਰਟ ਤੇ ਕੰਮ ਕਰਦੇ ਸਿੱਖ ਨੌਜੁਆਨਾਂ ਨੂੰ ਤੰਗ ਪ੍ਰੇਸ਼ਾਨ ਕਰਣਾ, ਕਦੇ ਸਿੱਖ ਇਤਿਹਾਸ ਨਾਲ ਛੇੜਖਾਣੀ, ਕਦੇ ਦਸਤਾਰਾਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਰਾਮ ਰਹੀਮ, ਆਸਾ ਰਾਮ ਵਰਗੇ ਗੰਭੀਰ ਅਪਰਾਧਾਂ ਦੇ ਦੋਸ਼ੀਆਂ ਨੂੰ ਵਾਰ ਵਾਰ ਪਰੋਲ ਫਰਲੋ ਦੇਂਦੇ ਰਹਿਣਾ ਤੇ ਸਿੱਖ ਬੰਦੀ ਸਿੰਘਾਂ ਦੇ ਮਾਮਲਿਆਂ ਤੇ ਵਿਚਾਰ ਤਕ ਨਹੀਂ ਕਰਣਾ। ਕਿ ਦਿੱਲੀ ਕਮੇਟੀ ਪ੍ਰਬੰਧਕ ਸ਼ਤਾਬਦੀ ਸਮਾਰੋਹ ਅੰਦਰ ਹਾਜ਼ਿਰੀ ਭਰਣ ਵਾਲੇ ਦੇਸ਼ ਦੇ ਪੀਐਮ ਅਤੇ ਗ੍ਰਿਹਮੰਤਰੀ ਅੱਗੇ ਸਿੱਖਾਂ ਦੇ ਗੰਭੀਰ ਮੁੱਦੇ ਸਰਕਾਰ ਅੱਗੇ ਚੁੱਕਣਗੇ ਜਾਂ ਸਿਰਫ ਰਸਮੀ ਤੌਰ ਤੇ ਸਮਾਗਮ ਕਰਕੇ ਆਪਣਾ ਪਲਾ ਝਾੜ ਲੈਣਗੇ। ਸ਼ਤਾਬਦੀ ਸਮਾਗਮ ਲਈ ਦਿੱਲੀ ਕਮੇਟੀ ਵਲੋਂ ਤਿਆਰੀਆਂ ਤਿੰਨ ਮਹੀਨੇ ਪਹਿਲਾਂ ਹੀ ਕਰ ਲੈਣੀਆਂ ਚਾਹੀਦੀਆਂ ਸਨ ਪਰ ਹਰ ਮਾਮਲੇ ਵਿਚ ਉਨ੍ਹਾਂ ਦੀ ਨਾਤਜੁਰਬੇਕਾਰੀ ਕੌਮ ਨੂੰ ਨਮੋਸ਼ੀ ਹੀ ਦਿਵਾਉਂਦੀ ਹੈ। ਗੁਰੂ ਸਾਹਿਬਾਨ ਦੇ ਦਿੱਲੀ ਵਿਖੇ ਸ਼ਹਾਦਤ ਦਿੱਤੀ ਇਸ ਲਈ ਇਹ ਸਮਾਰੋਹ ਦਿੱਲੀ ਵਿਖੇ ਹੀ ਵੱਡੇ ਪੱਧਰ ਤੇ ਮਨਾਉਣਾ ਚਾਹੀਦਾ ਹੈ, ਪਰ ਕਮੇਟੀ ਪ੍ਰਧਾਨ ਵਲੋਂ ਰਸਮੀ ਤੌਰ ਤੇ ਐਸਜੀਪੀਸੀ ਨੂੰ ਪੱਤਰ ਲਿਖ ਕੇ ਪਲਾ ਝਾੜਨਾ ਠੀਕ ਨਹੀਂ ਹੈ, ਉਨ੍ਹਾਂ ਦਾ ਫਰਜ਼ ਬਣਦਾ ਸੀ ਓਹ ਆਪ ਐਸਜੀਪੀਸੀ ਪ੍ਰਧਾਨ ਸਾਹਿਬ, ਤਖਤ ਹਜੂਰ ਸਾਹਿਬ ਕਮੇਟੀ, ਤਖਤ ਪਟਨਾ ਸਾਹਿਬ ਕਮੇਟੀ ਨੂੰ ਮਿਲਕੇ ਬੇਨਤੀ ਕਰਦੇ, ਪਰ ਤਿੰਨ ਚਾਰ ਬੰਦਿਆਂ ਵਿਚ ਘਿਰੇ ਹੋਣ ਕਰਕੇ ਉਨ੍ਹਾਂ ਦੀ ਸੋਚ ਵੀਂ ਉਨ੍ਹਾਂ ਤਕ ਹੀ ਰਹਿ ਗਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

## ਦਿਵਿਆਂਗ ਵਰਗ ਦੀਆਂ ਲਟਕਦੀਆਂ ਮੰਗਾਂ ਪੂਰੀਆਂ ਸਬੰਧੀ ਸੰਯੁਕਤ ਦਿਵਿਆਂਗ ਮੋਰਚਾ ਦੀ ਹੋਈ ਮੀਟਿੰਗ



**ਤਲਵੰਡੀ ਸਾਬੋ, 05 ਅਗਸਤ (ਗੁਰਜੰਟ ਸਿੰਘ ਨਥੇਹਾ)-** ਅੱਜ ਸੰਯੁਕਤ ਦਿਵਿਆਂਗ ਮੋਰਚਾ ਇਕਾਈ ਬਠਿੰਡਾ/ਮਾਨਸਾ ਦੀ ਇੱਕ ਸਾਂਝੀ ਮੀਟਿੰਗ ਪ੍ਰਧਾਨ ਗੁਰਜੰਟ ਸਿੰਘ ਭਾਗੀਵਾਂਦਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਦਿਵਿਆਂਗ ਵਰਗ ਦੀਆਂ ਸਮੱਸਿਆਂਵਾਂ 'ਤੇ ਚਰਚਾ ਕੀਤੀ ਗਈ ਅਤੇ ਦਿਵਿਆਂਗ ਵਰਗ ਦੀਆਂ ਕਾਫੀ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਜਾਇਜ ਮੰਗਾਂ ਜੋ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਪੂਰੀਆਂ ਨਹੀਂ ਕੀਤੀਆਂ ਗਈਆਂ, ਉਹਨਾਂ ਨੂੰ ਲਾਗੂ ਕਰਵਾਉਣ ਲਈ ਸਤੰਬਰ ਮਹੀਨੇ ਵਿੱਚ ਸੰਯੁਕਤ ਦਿਵਿਆਂਗ ਮੋਰਚਾ ਪੰਜਾਬ ਅਤੇ ਹੋਰ ਅੰਗਹੀਣ ਯੂਨੀਅਨਾਂ ਦੇ ਸਹਿਯੋਗ ਨਾਲ ਵੱਡਾ ਸੰਘਰਸ਼ ਕਰਨ ਦੀ ਤਿਆਰੀ ਲਈ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਗਲਬਾਤ ਦੌਰਾਨ ਪ੍ਰਧਾਨ ਗੁਰਜੰਟ ਸਿੰਘ ਭਾਗੀਵਾਂਦਰ ਨੇ ਦੱਸਿਆ ਕਿ ਕੁਝ ਅੰਗਹੀਣ ਵਿਅਕਤੀਆਂ ਦੇ ਮਸਲੇ ਹੱਲ ਕਰਵਾਉਣ ਲਈ ਮਾਨਯੋਗ ਐਸਐਸਪੀ ਬਠਿੰਡਾ ਅਤੇ ਮਾਨਯੋਗ ਏਡੀਸੀ ਬਠਿੰਡਾ ਨੂੰ ਮਿਲਿਆ ਗਿਆ ਅਤੇ ਅੰਗਹੀਣ ਵਿਅਕਤੀਆਂ ਦੇ ਮਸਲੇ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਨੂੰ ਹੱਲ ਕਰਵਾਉਣ ਲਈ ਬੇਨਤੀ ਕੀਤੀ ਗਈ ਜੋ ਕਿ ਸਬੰਧਤ ਅਫਸਰਾ ਵੱਲੋਂ ਤੁਰੰਤ ਹੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਇਸ ਮੌਕੇ ਹੈਂਡੀਕੈਪਡ ਹੈਲਪ ਵੈਲਫੇਅਰ ਐਸੋਸੀਏਸ਼ਨ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਭੰਮੇ ਕਲਾਂ, ਜ਼ਿਲ੍ਹਾ ਖਜਾਨਚੀ ਹਰਜਿੰਦਰ ਸਿੰਘ ਭੰਮਾ, ਜ਼ਿਲ੍ਹਾ ਮੀਤ ਖਜਾਨਚੀ ਡਾਕਟਰ ਗੁਰਜੰਟ ਸਿੰਘ ਭੁਪਾਲ, ਸੀਨੀਅਰ ਮੈਂਬਰ ਰੌਸ਼ਨ ਲਾਲ ਮਾਨਸਾ, ਅਮਨਦੀਪ ਸਿੰਘ ਦਸੌਂਧੀਆ, ਸੰਯੁਕਤ ਦਿਵਿਆਂਗ ਮੋਰਚਾ ਬਠਿੰਡਾ ਦੇ ਆਗੂ ਰਣਜੀਤ ਸਿੰਘ ਜਗਾ ਰਾਮ ਤੀਰਥ, ਬਲਜਿੰਦਰ ਸਿੰਘ ਬਠਿੰਡਾ, ਕਿਰਨਜੀਤ ਕੌਰ ਬਠਿੰਡਾ, ਮੇਜਰ ਸਿੰਘ ਬਠਿੰਡਾ, ਹਰਬੰਸ ਸਿੰਘ ਖਿਆਲੀ ਵਾਲਾ, ਗੁਰਪ੍ਰੀਤ ਸਿੰਘ ਤਲਵੰਡੀ ਸਾਬੋ ਅਤੇ ਤਰਸੇਮ ਸਿੰਘ ਨੰਬਰਦਾਰ ਬੱਲੂਆਣਾ ਆਦਿ ਹਾਜ਼ਰ ਹੋਏ।

ਆਵਾਜ਼ਿ ਕੌਮ AWAZE QAUM International Newspaper & WEB TV

## ਸਿਮਰਜੀਤ ਕੌਰ ਬਣੀ ਇੰਸਪੈਕਟਰ



**ਚੌਕ ਮਹਿਤਾ, 5 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਚਵਿੰਡਾ ਦੇਵੀ- ਵੱਖ-ਵੱਖ ਥਾਣਿਆਂ 'ਚ ਐਸ ਐਚ ਓ ਵਜੋਂ ਸੇਵਾ ਨਿਭਾ ਚੁੱਕੀ ਸਬ ਇੰਸਪੈਕਟਰ ਸਿਮਰਜੀਤ ਕੌਰ ਨੂੰ ਇੰਸਪੈਕਟਰ ਦੇ ਸਟਾਰ ਲਾਉਂਦੇ ਹੋਏ ਐਸ ਐਸ ਪੀ ਮਨਿੰਦਰਜੀਤ ਸਿੰਘ ਅੰਮ੍ਰਿਤਸਰ ਦਿਹਾਤੀ, ਐਸ ਪੀ ਡੀ ਅਦਿੱਤਿਆ ਸਿੰਘ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਸਪੈਕਟਰ ਸਿਮਰਜੀਤ ਕੌਰ ਨੇ ਕਿਹਾ ਜੋਂ ਮਾਣ ਮੈਨੂੰ ਪ੍ਰਮਾਤਮਾ ਨੇ ਬਖਸ਼ਿਆ ਹੈ ਉਸ ਮਾਣ ਨੂੰ ਮੈਂ ਪੂਰੀ ਇਮਾਨਦਾਰੀ ਨਾਲ ਨਿਭਾਊਗੀ ਅਤੇ ਰਾਤ ਦਿਨ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੂਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਦਮਦਮੀ ਟਕਸਾਲ ਦੇ 319ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 7 ਅਗਸਤ ਨੂੰ—ਗਿਆਨੀ ਹਰਨਾਮ ਸਿੰਘ ਖਾਲਸਾ, ਜਥੇਦਾਰ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ

ਫ਼ਿਰੋਜ਼ਪੁਰ, 5 ਅਗਸਤ (ਮਨੋਹਰ ਲਾਲ):— ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ, ਧੰਨ—ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ, ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਾਹਿਬ ਮਹਾਰਾਜ ਜੀ ਦੇ 350 ਸਾਲਾ ਗੁਰਤਾ ਗੱਦੀ ਦਿਵਸ ਅਤੇ ਦਮਦਮੀ ਟਕਸਾਲ ਦੇ 319ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਇਸ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਅਤੇ ਜਥੇਦਾਰ ਗਿਆਨੀ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਕ ਅਗਸਤ 2025 ਦਿਨ ਵੀਰਵਾਰ ਤੱਕ ਸਵੇਰੇ ਕਥਾ ਦਾ ਸਮਾਂ 6:15 ਵਜੇ ਤੋਂ 7 ਵਜੇ ਤੱਕ ਅਤੇ ਸ਼ਾਮ ਨੂੰ ਕਥਾ ਦਾ ਸਮਾਂ ਸ਼ਾਮ 5:30 ਵਜੇ ਤੋਂ 6:15 ਤੱਕ ਹੋਇਆ ਕਰੇਗਾ ਅਤੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ 5 ਅਗਸਤ 2025 ਦਿਨ ਮੰਗਲਵਾਰ ਸਮਾਂ ਸਵੇਰੇ 8 ਵਜੇ ਹੋਣਗੇ ਅਤੇ 7 ਅਗਸਤ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਤੋਂ ਇਲਾਵਾ 6 ਅਤੇ 7 ਅਗਸਤ ਨੂੰ ਵਰਤਮਾਨ ਮੁਖੀ ਦਮਦਮੀ ਟਕਸਾਲ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਕਥਾ ਕਰਨਗੇ ਅਤੇ ਭੋਗ ਉਪਰੰਤ 9:30 ਤੋਂ 2 ਵਜੇ ਤੱਕ ਮਹਾਨ ਗੁਰਮਤਿ ਸਮਾਗਮ ਹੋਣਗੇ। ਇਸ ਮੌਕੇ ਤੇ ਸਰਦਾਰ ਹਰਜਿੰਦਰ ਸਿੰਘ ਜੀ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਪਹੁੰਚ ਰਹੇ ਹਨ। ਇਸ ਮੌਕੇ ਤੇ ਭਾਰੀ ਗਿਣਤੀ ਵਿਚ ਸੰਤ ਮਹਾਂਪੁਰਖ ਪਹੁੰਚ ਰਹੇ ਹਨ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਪਹੁੰਚ ਕੇ ਆਏ ਹੋਏ ਸੰਤਾਂ ਮਹਾਂਪੁਰਖਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਉ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਏ ਜਾਣਗੇ।





# ਕਿਸਾਨ ਆਗੂਆਂ ਦੀ ਹੋਈ ਮਹੀਨਾਵਰੀ ਮੀਟਿੰਗ



ਫ਼ਿਰੋਜ਼ਪੁਰ, 5 ਅਗਸਤ (ਮਨੋਹਰ ਲਾਲ):— ਜਿਲਾ ਫਿਰੋਜਪੁਰ ਦੀ ਮਹੀਨਾਵਾਰੀ ਮੀਟਿੰਗ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਜਿਲਾ ਪ੍ਰਧਾਨ ਜੰਗੀਰ ਸਿੰਘ ਖਹਿਰਾ ਦੀ ਅਗਵਾਈ ਹੇਠ ਗੁਰਦੁਆਰਾ ਸਾਰਾਗੜੀ ਸਾਹਿਬ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਸਾਰੇ ਹੀ ਬਲਾਕਾਂ ਦੇ ਆਗੂਆਂ ਅਤੇ ਜਥੇਬੰਦੀ ਦੇ ਜੁਝਾਰੂ ਸਾਥੀਆਂ ਵੱਲੋਂ ਹਿੱਸਾ ਲਿਆ ਗਿਆ। ਇਸ ਮੌਕੇ ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਕੈਪੀਟਲ ਬੈਂਕ ਫਿਰੋਜ਼ਪੁਰ ਵੱਲੋਂ ਜਿਹੜੇ ਕਿਸਾਨਾਂ ਨਾਲ ਠੱਗੀ ਕੀਤੀ ਗਈ ਹੈ, ਉਨ੍ਹਾਂ ਕਿਸਾਨਾਂ ਨੂੰ ਇਨਸਾਫ ਦਿੱਤਾ ਜਾਵੇ ਅਤੇ ਉਨ੍ਹਾਂ ਦੇ ਪੈਸੇ ਸਮੇਤ ਵਿਆਜ ਜਲਦੀ ਤੋਂ ਜਲਦੀ ਵਾਪਸ ਕੀਤੇ ਜਾਣ ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਬੈਂਕ ਦੇ ਖਿਲਾਫ ਵੱਡਾ ਸੰਘਰਸ਼ ਉਲੀਕਿਆ ਜਾਵੇਗਾ। ਇਸ ਮੌਕੇ ਕਿਸਾਨ ਆਗੂਆਂ ਨੇ ਪਿਛਲੇ ਪ੍ਰੋਗਰਾਮਾਂ ਦੇ ਰੂਹ ਵਿੱਚ ਲੈਂਡ ਪੂਲਿੰਗ ਪੌਲਸੀ ਦੇ ਖਿਲਾਫ 30 ਜੁਲਾਈ ਵਾਲੇ ਟਰੈਕਟਰ ਮਾਰਚ ਵਿੱਚ ਜਥੇਬੰਦੀ ਵੱਲੋਂ ਬਹੁਤ ਵਧੀਆ ਸ਼ਮੂਲੀਅਤ ਕੀਤੀ ਗਈ ਸੀ ਉਸ ਉਪਰ ਜ਼ਿਲਾ ਜਨਰਲ ਸਕੱਤਰ ਗੁਲਜਾਰ ਸਿੰਘ ਕੱਬਰ ਵੱਛਾ ਵੱਲੋਂ ਜਥੇਬੰਦੀ ਦੇ ਸਾਥੀਆਂ ਨੂੰ ਸ਼ਾਬਾਸ਼ ਦਿੱਤੀ ਗਈ ਅਤੇ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਇਸ ਪੋਲਸੀ ਨੂੰ ਰੱਦ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਆਉਣ ਵਾਲੇ ਪ੍ਰੋਗਰਾਮ ਜਿਸ ਵਿੱਚ 8 ਅਗਸਤ ਨੂੰ ਮੋਗਾ ਵਿਖੇ ਜਬਰ ਵਿਰੋਧੀ ਰੈਲੀ ਵਿੱਚ ਵੱਧ ਚੜ ਕੇ ਸ਼ਮੂਲੀਅਤ ਕੀਤੀ ਜਾਵੇਗੀ, ਔਰਤ ਮੁਕਤੀ ਦਾ ਚਿੰਨ ਬਣੀ ਸ਼ਹੀਦ ਕਿਰਨਜੀਤ ਕੌਰ ਮਹਿਲ ਕਲਾਂ 28ਵਾਂ ਯਾਦਗਾਰੀ ਸਮਾਗਮ 12 ਅਗਸਤ 2025 ਨੂੰ ਦਾਣਾ ਮੰਡੀ ਮਹਿਲ ਕਲਾਂ ਵਿਖੇ ਮਨਾਇਆ ਜਾ ਰਿਹਾ ਹੈ, ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਕਾਫਲੇ ਦੇ ਰੂਪ ਵਿੱਚ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ, 24 ਅਗਸਤ 2025 ਨੂੰ ਮੁੱਲਾਂਪੁਰ ਦਾਖਾਂ ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੀਤੀ ਜਾ ਰਹੀ ਜਮੀਨ ਬਚਾਓ ਪਾਣੀ ਬਚਾਓ ਅਤੇ ਪੰਜਾਬ ਬਚਾਓ ਮਹਾਂਰੈਲੀ ਵਿੱਚ ਵੀ ਵੱਡੀ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਜ਼ਿਲ੍ਹਾ ਖਜਾਨਚੀ ਜਤਿੰਦਰ ਸਿੰਘ ਰਿੱਕੂ ਕੜਮਾ ਜਿਲਾ ਕਮੇਟੀ ਮੈਂਬਰ ਸ਼ਮਸ਼ੇਰ ਸਿੰਘ ਸ਼ਿਹਜ਼ਾਦੀ ਬਲਾਕ ਮਮਦੋਟ ਪ੍ਰਧਾਨ ਬਲਕਾਰ ਸਿੰਘ ਜੋਧਪੁਰ ਜਨਰਲ ਸਕੱਤਰ ਹਰਬੰਸ ਸਿੰਘ ਜੋਧਪੁਰ ਖਜਾਨਚੀ ਜਗਰਾਜ ਸਿੰਘ ਗੱਟੀ, ਹਰਜੀਤ ਸਿੰਘ ਗੱਟੀ, ਜਸਪਾਲ ਸਿੰਘ ਸੋਨੂ ਕੜਮਾ ਘਲ ਬਲਾਕ ਪ੍ਰਧਾਨ ਬਲਵੰਤ ਸਿੰਘ ਸ਼ਿਹਜ਼ਾਦੀ ਸਾਹਿਬ ਸਿੰਘ ਵਾੜਾ ਭਾਈ ਕਾ ਜੋਗਿੰਦਰ ਸਿੰਘ ਨੂਰਪੁਰ ਜੋਗਿੰਦਰ ਸਿੰਘ ਵਜੀਦਪੁਰ, ਇਕਬਾਲ ਸਿੰਘ, ਜੋਗਿੰਦਰ ਸਿੰਘ ਮੁਦਕੀ ਮਖੂ ਬਲਾਕ ਪ੍ਰਧਾਨ ਮੁਨਸ਼ਾ ਸਿੰਘ ਜਸਵਿੰਦਰ ਸਿੰਘ ਪੱਪੂ ਸਤਨਾਮ ਸਿੰਘ ਜੀਰਾ ਬਲਾਕ ਮੀਤ ਪ੍ਰਧਾਨ ਬਲਜਿੰਦਰ ਸਿੰਘ ਬਲਾਕ ਗੁਰੂਹਰਸਾਏ ਦੋ ਤੋਂ ਬਲਾਕ ਜਨਰਲ ਸਕੱਤਰ ਮੰਗਲ ਸਿੰਘ ਢੋਟ ਬਲਾਕ ਖਜਾਨਚੀ ਸਤਨਾਮ ਚੰਦ ਸੰਘਾ ਨਿਰੰਜਨ ਸਿੰਘ ਬਲਵੀਰ ਸਿੰਘ ਸੁਖਦਿਆਲ ਪੰਜੇ ਕੇ ਆਦੀ ਹਾਜਰ ਸਨ।

# ਸਕੂਲ ਵਿਚ ਮਨਾਇਆ ਹਰਿਆਲੀ ਤੀਜ ਦਾ ਤਿਉਹਾਰ




ਫ਼ਿਰੋਜ਼ਪੁਰ, 5 ਅਗਸਤ (ਮਨੋਹਰ ਲਾਲ) :— ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿੱਚ ਹਰਿਆਲੀ ਤੀਜ ਦਾ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਜੋ ਕਿ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਨਿਗਰਾਨੀ ਹੇਠ ਚੱਲ ਰਿਹਾ ਹੈ। ਇਸ ਮੌਕੇ ਬੱਚੇ ਪੰਜਾਬੀ ਪਹਿਰਾਵੇ ਵਿੱਚ ਤਿਆਰ ਹੋ ਕੇ ਸਕੂਲ ਪੁੱਜੇ, ਜਦੋਂ ਕਿ ਫਾਊਂਡੇਸ਼ਨ ਕਲਾਸਾਂ ਦੇ ਵਿਦਿਆਰਥੀ ਸਾਰਿਆਂ ਲਈ ਖਿੱਚ ਦਾ ਕੇਂਦਰ ਬਣੇ ਰਹੇ। ਇਸ ਦੌਰਾਨ ਬੱਚਿਆਂ ਨੇ ਮਨਮੋਹਕ ਨਾਚ ਪੇਸ਼ਕਾਰੀਆਂ ਦਿੱਤੀਆਂ, ਜਿਸ ਵਿੱਚ ਪੰਜਾਬ ਦੇ ਲੋਕ ਨਾਚ ਜਿਵੇਂ ਕਿ ਗਿੱਧਾ ਅਤੇ ਭੰਗੜਾ ਵਰਗੀਆਂ ਪੇਸ਼ਕਾਰੀਆਂ ਸ਼ਾਮਲ ਸਨ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਵਿਦਿਆਰਥੀਆਂ ਨੂੰ ਤੀਜ ਦੇ ਤਿਉਹਾਰ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਹ ਤਿਉਹਾਰ ਸਾਡੀ ਸੱਭਿਅਤਾ ਦਾ ਇੱਕ ਅਨਿੱਖੜਵਾਂ ਅੰਗ ਹੈ। ਉਨ੍ਹਾਂ ਦੱਸਿਆ ਕਿ ਅਜਿਹੇ ਤਿਉਹਾਰ ਨਾ ਸਿਰਫ਼ ਬੱਚਿਆਂ ਨੂੰ ਨਵੀਂ ਊਰਜਾ ਅਤੇ ਉਤਸ਼ਾਹ ਨਾਲ ਭਰਦੇ ਹਨ ਸਗੋਂ ਉਨ੍ਹਾਂ ਨੂੰ ਆਪਣੀ ਸੱਭਿਆਚਾਰ ਅਤੇ ਸੱਭਿਅਤਾ ਨਾਲ ਵੀ ਜੋੜਦੇ ਰਹਿੰਦੇ ਹਨ।

# ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਦੇਣ ਦੀ ਜਥੇਦਾਰ ਬਾਬਾ ਟੇਕ ਸਿੰਘ ਵੱਲੋਂ ਨਿਖੇਧੀ

## ਕਿਹਾ ਡੇਰਾ ਮੁਖੀ ਨੂੰ 14ਵੀਂ ਪੈਰੋਲ ਜਦੋਂਕਿ ਬੰਦੀ ਸਿੰਘਾਂ ਨੂੰ 14 ਘੰਟੇ ਦੀ ਪੈਰੋਲ ਵੀ ਨਹੀ ਮਿਲਦੀ

**ਤਲਵੰਡੀ ਸਾਬੋ, 05 ਅਗਸਤ (ਗੁਰਜੰਟ ਸਿੰਘ ਨਥੇਹਾ)**-ਬਲਾਤਕਾਰ ਅਤੇ ਕਤਲ ਵਰਗੇ ਸੰਗੀਨ ਮਾਮਲਿਆਂ ਚ ਦੋਸ਼ੀ ਸਾਬਿਤ ਹੋ ਕੇ ਜੇਲ੍ਹ 'ਚ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਫਿਰ ਤੋਂ ਪੈਰੋਲ 'ਤੇ ਜੇਲ੍ਹ 'ਚੋਂ ਰਿਹਾਅ ਕਰਨ ਦੀ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਨੇ ਜ਼ੋਰਦਾਰ ਨਿਖੇਧੀ ਕਰਦਿਆਂ ਇਸਨੂੰ ਮੰਦਭਾਗਾ ਵਰਤਾਰਾ ਦੱਸਿਆ। ਇੱਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਜਥੇਦਾਰ ਬਾਬਾ ਟੇਕ ਸਿੰਘ ਨੇ ਕਿਹਾ ਕਿ ਗੁਰਮੀਤ ਰਾਮ ਰਹੀਮ ਨੂੰ 14ਵੀਂ ਵਾਰ ਜੇਲ੍ਹ 'ਚੋਂ ਪੈਰੋਲ ਦਿੱਤੀ ਗਈ ਹੈ ਜਦੋਂਕਿ ਸਿੱਖ ਕੌਮ ਲਈ ਕੁਰਬਾਨੀਆਂ ਕਰਕੇ ਜੇਲ੍ਹਾਂ ਚ ਬੰਦ ਸਿੰਘਾਂ ਨੂੰ 14 ਘੰਟਿਆਂ ਦੀ ਵੀ ਪੈਰੋਲ ਨਹੀ ਦਿੱਤੀ ਜਾ ਰਹੀ। ਇੱਥੋਂ ਤੱਕ ਕਿ ਕਿਸੇ ਪਰਿਵਾਰਿਕ ਮੈਂਬਰ ਦੇ ਅਕਾਲ ਚਲਾਣਾ ਕਰ ਜਾਣ ਤੇ ਵੀ ਬੰਦੀ ਸਿੰਘਾਂ ਨੂੰ ਸਿਰਫ ਕੁਝ ਘੰਟਿਆਂ ਦੀ ਹੀ ਪੈਰੋਲ ਦਿੱਤੀ ਜਾਂਦੀ ਹੈ ਪਰ ਹੈਰਾਨੀ ਦੀ ਗੱਲ ਹੈਕਿ ਡੇਰਾ ਮੁਖੀ ਨੂੰ ਜਨਮ ਦਿਨ ਮਨਾਉਣ ਲਈ 40 ਦਿਨਾਂ ਦੀ ਪੈਰੋਲ ਦੇ ਦਿੱਤੀ ਗਈ ਹੈ। ਸਿੰਘ ਸਾਹਿਬ ਨੇ ਕਿਹਾ ਕਿ ਅਜਿਹੇ ਵਾਪਰ ਰਹੇ ਘਟਨਾਕ੍ਰਮਾਂ ਕਰਕੇ ਹੀ ਸਿੱਖਾਂ ਨੂੰ ਇਹ ਅਹਿਸਾਸ ਹੁੰਦਾ ਹੈਕਿ ਕਾਨੂੰਨ ਨੂੰ ਲਾਗੂ ਕਰਨ ਵਾਲਿਆਂ ਅਤੇ ਸਰਕਾਰਾਂ ਦੇ ਉਨਾਂ ਪ੍ਰਤੀ ਦੋਹਰੇ ਮਾਪਦੰਡ ਹਨ। ਉਨਾਂ ਨੇ ਮੰਗ ਕੀਤੀ ਕਿ ਲੰਬੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਸਿੱਖ ਕੈਦੀਆਂ ਨੂੰ ਵੀ ਤੁਰੰਤ ਪੈਰੋਲਾਂ ਦਿੱਤੀਆਂ ਜਾਣ।



## ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ 21 ਦਿਨਾਂ ਜਪ ਤਪ ਸਮਾਗਮ ਤੇ ਮਹਾਂ ਸੰਪਟ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ

ਫ਼ਿਰੋਜ਼ਪੁਰ, 5 ਅਗਸਤ (ਮਨੋਹਰ ਲਾਲ) :— ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਸਰਬੱਤ ਦੇ ਭਲੇ ਲਈ 21 ਦਿਨਾਂ ਜਪ ਤਪ ਸਮਾਗਮ ਤੇ ਮਹਾਂ ਸੰਪਟ ਸਾਹਿਬ ਜੀ ਦੇ ਪਾਠਾਂ ਦੇ ਭੋਗ ਅੱਜ ਸਵੇਰੇ 5 ਵਜੇ ਪਾਏ ਗਏ। ਇਨ੍ਹਾਂ ਸਮਾਂ ਸੰਪਟ ਸਾਹਿਬ ਦੇ 21 ਦਿਨਾਂ ਜਪ ਤਪ ਸਮਾਗਮ ਵਿਚ ਗੁਰਦੁਆਰ ਨਾਨਕਸਰ ਠਾਠ ਦੇ ਮਹਾਂ ਪੁਰਖ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ 21 ਦਿਨ ਭੋਰੇ ਵਿਚ ਰਹਿ ਕੇ ਪੂਰੇ 21 ਦਿਨ ਜਪ ਤਪ ਕੀਤਾ। ਇਸ ਮੌਕੇ ਤੇ ਭਾਰੀ ਗਿਣਤੀ ਵਿਚ ਪਾਠੀ ਸਿੰਘਾਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਪ੍ਰਵਚਨਾਂ ਦੀ ਵਰਖਾ ਕਰਦੇ ਹੋਏ ਆਖਿਆ ਕਿ ਧੰਨ—ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਧੰਨ—ਧੰਨ ਬਾਬਾ ਨੰਦ ਸਿੰਘ ਜੀ, ਧੰਨ—ਧੰਨ ਬਾਬਾ ਕੁੰਦਨ ਸਿੰਘ ਜੀ, ਧੰਨ—ਧੰਨ ਬਾਬਾ ਈਸ਼ਰ ਸਿੰਘ ਜੀ ਜਿਨ੍ਹਾਂ ਨੇ ਕਠਿਨ ਤਪਸਿਆ ਕੀਤੀ ਅਤੇ ਉਨ੍ਹਾਂ ਦੀ ਮਰਿਯਾਦਾ ਅਨੁਸਾਰ ਮਹਾਂ ਸੰਪਟ ਦਾ ਬਹੁਤ ਵੱਡਾ ਫਲ ਪ੍ਰਾਪਤ ਹੁੰਦਾ ਹੈ, ਸਾਨੂੰ ਆਪਣੇ ਰੁਝੇਵਿਆਂ ਵਿਚੋਂ ਟਾਈਮ ਕੱਢ ਕੇ ਇਨ੍ਹਾਂ ਸਮਾਗਮਾਂ ਵਿਚ ਜ਼ਰੂਰ ਹਾਜ਼ਰੀ ਭਰਨੀ ਚਾਹੀਦੀ ਹੈ, ਕਿਉਂਕਿ ਇਸ ਭਿਆਨਕ ਕਲਯੁੱਗ ਵਿਚ ਸਿਰਫ ਤੇ ਸਿਰਫ ਵਾਹਿਗੁਰੂ ਜੀ ਦਾ ਨਾਮ ਹੀ ਬਚਾ ਸਕਦਾ ਹੈ। ਇਸ ਲਈ ਜਦੋਂ ਵੀ ਸਮਾਂ ਮਿਲੇ ਵਾਹਿਗੁਰੂ ਜੀ ਦਾ ਜਾਪ ਕਰੋ, ਉਠਦੇ ਬੈਠਦੇ, ਸੌਦੇ ਹਮੇਸ਼ਾ ਜਾਪ ਕਰੋ, ਵਾਹਿਗੁਰੂ ਜੀ ਦੇ ਨਾਮ ਤੇ ਹੀ ਮਨੁੱਖ ਦਾ ਪਾਰ ਉਤਾਰਾ ਕਰਨਾ ਹੈ। ਇਸ ਮੌਕੇ ਤੇ ਬਾਬਾ ਜੀ ਨੇ ਸਮੂਹ ਮਹਾਂ ਸੰਪਟ ਦੀ ਸਫਲਤਾ ਵਾਸਤੇ ਵਡਾਈ ਦਿੱਤੀ, ਜਿਨ੍ਹਾਂ ਵਿਚ ਪਾਠੀ ਸਿੰਘਾਂ ਅਤੇ ਜਿਹੜੇ ਰਾਤ—ਦਿਨ ਲੰਗਰਾਂ ਦੀ ਸੇਵਾ ਕੀਤੀ, ਦੁੱਧਾਂ ਦੀ ਸੇਵਾ ਕੀਤੀ, ਪਹਿਰੇ ਤੇ ਸੇਵਾ ਕੀਤੀ ਅਤੇ ਬੀਬੀਆਂ ਦਾ ਜਿਨ੍ਹਾਂ ਨੇ ਰਾਤ—ਦਿਨ ਸੇਵਾ ਕੀਤੀ, ਉਨ੍ਹਾਂ ਦਾ ਅਸੀਂ ਦਿਲ ਦੀਆਂ ਗਹਿਰਾਈਆਂ ਨਾਲ ਧੰਨਵਾਦ ਕਰਦੇ ਹਾਂ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਬੀਰ ਸਿੰਘ ਜ਼ਸੂ ਨੇ ਸੰਗਤਾਂ ਦੀ ਹੱਥੀਂ ਸੇਵਾ ਕੀਤੀ। ਇਸ ਮੌਕੇ ਚਾਹ ਦਾ ਲੰਗਰ, ਮਿਠਾਈਆਂ ਦਾ ਲੰਗਰ ਅਤੁੱਟ ਵਰਤਾਏ ਗਏ।




# ਸਤਲੁਜ ਪ੍ਰੈਸ ਕਲੱਬ ਫ਼ਿਰੋਜ਼ਪੁਰ ਦੀ ਚੋਣ ਸਰਬਸੰਮਤੀ ਨਾਲ ਹੋਈ

## ਪੰਜਵੀਂ ਵਾਰ ਗਾਮਾ ਸਿੱਧੂ ਪ੍ਰਧਾਨ ਅਤੇ ਵਿਜੇ ਸ਼ਰਮਾ ਚੇਅਰਮੈਨ ਬਣੇ



ਫ਼ਿਰੋਜ਼ਪੁਰ, 5 ਅਗਸਤ (ਮਨੋਹਰ ਲਾਲ) :— ਪੱਤਰਕਾਰਾਂ ਨੂੰ ਖੇਤਰ ਵਿਚ ਆਉਂਦੀਆਂ ਮੁਸ਼ਿਕਲਾਂ ਅਤੇ ਥੰਮ ਵਜੋਂ ਜਾਣੀ ਜਾਂਦੀ ਪੱਤਰਕਾਰਤਾ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਬਣਾਈ ਗਈ ਸਤਲੁਜ ਪ੍ਰੈੱਸ ਕਲੱਬ ਫਿਰੋਜ਼ਪੁਰ ਦੀ ਸਲਾਨਾ ਚੋਣ ਅੱਜ ਸਰਬਸੰਮਤੀ ਨਾਲ ਸੰਪੂਰਨ ਹੋ ਗਈ ਹੈ। ਪ੍ਰੈਸ ਕਲੱਬ ਵੱਲੋਂ ਥਾਪੇ ਗਏ ਅਬਜ਼ਰਵਰ ਜਸਮਿੰਦਰ ਸਿੰਘ ਸੰਧੂ ਅਤੇ ਸੁਖਜਿੰਦਰ ਸਿੰਘ ਸੰਧੂ ਦੀ ਅਗਵਾਈ ਚ ਰੱਖੀ ਮੀਟਿੰਗ ਵਿਚ ਸਭ ਤੋਂ ਪਹਿਲਾਂ ਗੁਰਨਾਮ ਸਿੱਧੂ ਵੱਲੋਂ ਪਿਛਲੇ ਸਾਲ ਦੌਰਾਨ ਕਲੱਬ ਵੱਲੋਂ ਕੀਤੇ ਗਏ ਕੰਮਾਂ ਬਾਰੇ ਜਾਣਕਾਰੀ ਦਿੱਤੀ ਗਈ। ਕਲੱਬ ਦੇ ਪੁਰਾਣੇ ਫੰਡਾਂ ਦੀ ਹੋਈ ਵਰਤੋਂ ਅਤੇ ਹੋਏ ਖਰਚਿਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਉਪਰੰਤ ਸ਼ੁਰੂ ਹੋਈ ਚੋਣ ਪ੍ਰਕਿਰਿਆ ਚ ਸਾਰੇ ਪੱਤਰਕਾਰ ਸਾਥੀਆਂ ਦੇ ਸੁਝਾਅ ਲਏ ਗਏ। ਸਾਰੇ ਸਾਥੀਆਂ ਨੇ ਕਲੱਬ ਲਈ ਪਿਛਲੇ ਸਮੇਂ ਵਿਚ ਨਿਰਸਵਾਰਥ ਸੇਵਾ ਭਾਵਨਾ ਕੀਤੇ ਕਾਰਜਾਂ ਨੂੰ ਵੇਖਦੇ ਹੋਏ ਪੰਜਵੀਂ ਵਾਰ ਫਿਰ ਗੁਰਨਾਮ ਸਿੰਘ ਗਾਮਾ ਸਿੱਧੂ ਨੂੰ ਪ੍ਰਧਾਨ ਅਤੇ ਵਿਜੇ ਸ਼ਰਮਾ ਨੂੰ ਚੇਅਰਮੈਨ ਚੁਣ ਲਿਆ ਗਿਆ। ਆਪਣੀ ਹੋਈ ਚੋਣ ਤੋਂ ਬਾਅਦ ਨਵ ਨਿਯੁਕਤ ਪ੍ਰਧਾਨ ਗਾਮਾ ਸਿੱਧੂ ਅਤੇ ਚੇਅਰਮੈਨ ਵਿਜੇ ਸ਼ਰਮਾ ਨੇ ਕਿਹਾ ਕਿ ਉਹ ਹਮੇਸ਼ਾ ਦੀ ਤਰ੍ਹਾਂ ਪੱਤਰਕਾਰਾਂ ਦੇ ਹੱਕਾਂ ਲਈ ਲੜ੍ਹਦੇ ਰਹਿਣਗੇ। ਉਨ੍ਹਾਂ ਕਿਹਾ ਕਿ ਕਲੱਬ ਦੀ ਚੜ੍ਹਦੀ ਕਲਾ ਲਈ ਉਹ ਹੋਰ ਉਪਰਾਲੇ ਕਰਨਗੇ। ਉਨ੍ਹਾਂ ਪ੍ਰਸ਼ਾਸ਼ਨ ਤੋਂ ਵੀ ਮੰਗ ਕੀਤੀ ਕਿ ਉਹ ਪੱਤਰਕਾਰਾਂ ਦੀਆਂ ਜਾਇਜ਼ ਮੰਗਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨ। ਦੋਨਾਂ ਦੀ ਚੋਣ ਤੇ ਚੁਫੇਰਿਓਂ ਵਧਾਈਆਂ ਮਿਲ ਰਹੀਆਂ ਹਨ। ਇਸ ਮੌਕੇ ਤੇ ਸਮੂਹ ਪੱਤਰਕਾਰ ਸਾਥੀ ਹਾਜ਼ਰ ਸਨ।




# ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਦਮਦਮੀ ਟਕਸਾਲ ਵੱਲੋਂ ਸਮਾਗਮ 7 ਅਗਸਤ ਨੂੰ





ਚੌਂਕ ਮਹਿਤਾ 5 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ) ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਤਖਤ ਸਾਹਿਬ ਤਖਤ ਦਮਦਮਾ ਸਾਹਿਬ ਵਿੱਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 350 ਸਹੀਦੀ ਦਿਵਸ ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 350 ਗੁਰਤਾਗੱਦੀ ਦਿਵਸ ਅਤੇ ਦਮਦਮੀ ਟਕਸਾਲ ਦੇ 319 ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 7 ਅਗਸਤ 2025 ਦਿਨ ਵੀਰਵਾਰ ਨੂੰ ਪਵਿੱਤਰ ਪਾਵਨ ਅਸਥਾਨ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿਡਾ ਵਿੱਖੇ ਕਰਵਾਏ ਜਾ ਰਹੇ ਹਨ । ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ 7 ਅਗਸਤ ਦਿਨ ਵੀਰਵਾਰ 2025 ਸਵੇਰੇ 9 ਵਜੇ ਪੈਣਗੇ। ਉਪਰੰਤ ਸਵੇਰੇ 10 ਵਜੇ ਤੋਂ 2ਵਜੇ ਤੱਕ ਮਹਾਨ ਗੁਰਮਤਿ ਸਮਾਗਮ ਹੋਣਗੇ, ਜਿਸ ਵਿੱਚ ਵੱਖ ਵੱਖ ਜੱਥੇਬੰਦੀਆਂ ਦੇ ਸੰਤ ਮਹਾਪੁਰਸ਼ ਪੰਥਕ ਸਖਸੀਅਤਾਂ ਸੰਗਤਾਂ ਦੇ ਦਰਸ਼ਨ ਕਰਨਗੀਆਂ , 7 ਅਗਸਤ ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲੇ ਆਏ ਹੋਏ ਸ੍ਰੀ ਮੁੱਖਵਾਕ ਸਾਹਿਬ ਦੀ ਕਥਾ ਸੰਗਤਾਂ ਨੂੰ ਆਪ ਸਰਵਣ ਕਰਾਉਣਗੇ ਸਮੂਹ ਸੰਗਤਾਂ ਨੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ, ।ਇਹ ਜਾਣਕਾਰੀ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਗਿਆਨੀ ਸੁਖਦੇਵ ਸਿੰਘ ਖਾਲਸਾ ਸ੍ਰੀ ਆਨੰਦਪੁਰ ਵਾਲਿਆਂ ਨੇ ਦਿੱਤੀ। ਅਤੇ ਬੇਨਤੀ ਕੀਤੀ ਕਿ ਇੰਨਾਂ ਸਮਾਗਮ ਵਿੱਚ ਹਾਜਰੀ ਭਰਕੇ ਗੁਰੂ ਸਾਹਿਬ ਜੀ ਦੀਆਂ ਖੁਸੀਆ ਪ੍ਰਾਪਤ ਕਰਨ ਗੁਰੂ ਜੀ ਦੇ ਲੰਗਰ ਅਟੁੱਟ ਵਰਤਨਗੇ।ਇਸ ਸਮਾਗਮ ਵਿੱਚ ਸੰਤ, ਮਹਾਪੁਰਸ਼, ਨਿਹੰਗ ਸਿੰਘ, ਸਮਾਜ ਸੇਵੀ ਅਤੇ ਸਮੂਹ ਇਲਾਕੇ ਸੰਗਤਾਂ ਅਤੇ ਐਨ ਆਰ ਆਈ ਸੰਗਤਾਂ ਵੀ ਹਾਜਰੀਆ ਭਰਨਗੀਆ।

ਆਵਾਜ਼ਿ ਕੌਮ AWAZE QAUM International Newspaper & WEB TV

### ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਅੰਮ੍ਰਿਤ-ਸੰਚਾਰ ਕਰਵਾਇਆ ਗਿਆ

# 243 ਅੰਮ੍ਰਿਤ ਅਭਿਲਾਖੀ ਗੁਰੂ ਵਾਲੇ ਬਣੇ









**ਅੰਮ੍ਰਿਤਸਰ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਧਰਮ ਪ੍ਰਚਾਰ ਕਮੇਟੀ ਦੇ ਉਪਰਾਲੇ ਸਦਕਾ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਅੰਮ੍ਰਿਤ-ਸੰਚਾਰ ਕਰਵਾਇਆ ਗਿਆ। ਇਸ ਮੌਕੇ 243 ਅੰਮ੍ਰਿਤ ਅਭਿਲਾਖੀ ਗੁਰੂ ਵਾਲੇ ਬਣੇ। ਸਮਾਗਮ ਦੀ ਸੰਪੂਰਨਤਾ ਉਪਰੰਤ ਬੀਬੀ ਜੋਗਿੰਦਰ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਹੈਡ ਗ੍ਰੰਥੀ ਭਾਈ ਗੁਰਦੇਵ ਸਿੰਘ ਜੀ, ਮੈਨੇਜਰ ਸ. ਸਤਨਾਮ ਸਿੰਘ, ਭਾਈ ਨਛੱਤਰ ਸਿੰਘ ਵੱਲੋਂ ਪੰਜ ਪਿਆਰੇ ਸਾਹਿਬਾਨ ਜੀ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਮਾਤਾ ਸੁੰਦਰੀ ਪਬਲਿਕ ਸਕੂਲ ਦੇ ਗੁਰਦੀਪ ਸਿੰਘ ਢਿੱਲੋਂ ਕੈਨੇਡਾ ਵਿੱਚ ਬਣੇ ਅਧਿਆਪਕ

# ਬ੍ਰਿਟਿਸ਼ ਕੋਲੰਬੀਆਂ ਸੂਬੇ ਦੇ ਸਿੱਖਿਆ ਮੰਤਰੀ ਨੇ ਜਾਰੀ ਕੀਤਾ ਪ੍ਰਮਾਣ ਪੱਤਰ

**ਤਲਵੰਡੀ ਸਾਬੋ, 05 ਅਗਸਤ (ਗੁਰਜੰਟ ਸਿੰਘ ਨਥੇਹਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਯੋਗ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਸੁੰਦਰੀ ਪਬਲਿਕ ਸਕੂਲ ਦੇ ਅੰਗਰੇਜ਼ੀ ਅਧਿਆਪਕ ਸ. ਗੁਰਦੀਪ ਸਿੰਘ ਢਿੱਲੋਂ ਕੈਨੇਡਾ ਵਿੱਚ ਅੰਤਰਰਾਸ਼ਟਰੀ ਅੰਗਰੇਜ਼ੀ ਅਧਿਆਪਕ ਬਣ ਚੁੱਕੇ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਿੱਖਿਆ ਮੰਤਰੀ ਐਂਡਰਿਊ ਕਰਾੱਫੋਰਡ ਅਤੇ ਵਿਕਟੋਰੀਆ ਲਿਆਂਗ ਨੇ ਉਹਨਾਂ ਦੀ ਵਿੱਦਿਅਕ ਯੋਗਤਾ ਅਤੇ ਪੰਦਰਾਂ ਸਾਲਾਂ ਦੇ ਭਾਰਤੀ ਅਤੇ ਕੈਨੇਡੀਅਨ ਅਧਿਆਪਨ ਤਜਰੁਬੇ ਨੂੰ ਵੈਰੀਫਾਈ ਕਰਕੇ ਟੀਚਰ ਐਕਟ 30 ਅਧੀਨ 'ਸਰਟੀਫਿਕੇਟ ਆਫ ਕੁਆਲੀਫਿਕੇਸ਼ਨ' (ਕੈਨੇਡੀਅਨ ਟੀਚਿੰਗ ਲਾਇਸੰਸ) ਜਾਰੀ ਕੀਤਾ ਹੈ। ਜੋ ਕਿ ਸਮੁੱਚੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਕੂਲ ਅਤੇ ਅਧਿਆਪਕ ਲਈ ਬਹੁਤ ਵੱਡੀ ਪ੍ਰਾਪਤੀ ਅਤੇ ਮਾਣ ਵਾਲੀ ਗੱਲ ਹੈ। ਸਕੂਲ ਪ੍ਰਿੰਸੀਪਲ ਡਾ. ਮਨੋਰਮਾ ਸਮਾਗ ਨੇ ਖੁਸ਼ੀ ਜ਼ਾਹਿਰ ਕਰਦਿਆਂ ਦੱਸਿਆ ਕਿ ਉਹਨਾਂ ਨੂੰ ਅਧਿਆਪਕ ਦੀ ਇੰਨੀ ਵੱਡੀ ਪ੍ਰਾਪਤੀ 'ਤੇ ਬਹੁਤ ਮਾਣ ਅਤੇ ਫ਼ਖ਼ਰ ਮਹਿਸੂਸ ਹੋਇਆ ਹੈ। ਉਹਨਾਂ ਦੱਸਿਆ ਕਿ ਗੁਰਦੀਪ ਸਿੰਘ ਢਿੱਲੋਂ ਬਹੁਤ ਹੀ ਸੁਹਿਰਦਤਾ ਅਤੇ ਤਨਦੇਹੀ ਨਾਲ ਸੇਵਾ ਨਿਭਾਅ ਰਹੇ ਹਨ। ਵਰਨਣਯੋਗ ਹੈ ਕਿ ਉਹ ਆਪਣੀ ਨਿਪੁੰਨ ਅਧਿਅਪਨ ਕਲਾ ਸਦਕਾ ਅੰਗਰੇਜ਼ੀ ਵਿਸ਼ੇ ਦੇ ਸੌ ਪ੍ਰਤੀਸ਼ਤ ਨਤੀਜੇ ਦੇ ਕੇ ਪਹਿਲਾਂ ਵੀ ਡਾਇਰੈਕਟਰ ਐਜੂਕੇਸ਼ਨ ਤੋਂ ਵਿਸ਼ੇਸ ਪ੍ਰਸੰਸਾ ਪੱਤਰ ਪ੍ਰਾਪਤ ਕਰ ਚੁੱਕੇ ਹਨ। ਅਧਿਆਪਕ ਗੁਰਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਉਹਨਾਂ ਦਾ ਸੁਪਨਾ ਸੀ ਕਿ ਉਹ ਇੱਕ ਅੰਤਰ-ਰਾਸ਼ਟਰੀ ਪੱਧਰ ਦੇ ਅੰਗਰੇਜ਼ੀ ਅਧਿਆਪਕ ਬਣਨਾ ਚਾਹੁੰਦੇ ਸਨ। ਇਸ ਪ੍ਰਾਪਤੀ ਨਾਲ ਉਹ ਆਪਣਾ ਸੁਪਨਾ ਸਾਕਾਰ ਕਰ ਚੁੱਕੇ ਹਨ ਅਤੇ ਕੈਨੇਡਾ ਵਿਖੇ ਪੜ੍ਹਾ ਚੁੱਕੇ ਹਨ। ਜਿਸ ਨਾਲ ਸੰਸਥਾ ਦਾ ਅਕਸ ਬਹੁਤ ਉੱਚਾ ਹੋਇਆ ਹੈ। ਇਲਾਕੇ ਦੇ ਸਮੂਹ ਮਾਤਾ-ਪਿਤਾ ਅਤੇ ਵਿਦਿਆਰਥੀ ਉਹਨਾ ਦੀ ਅਧਿਆਪਨ ਸੇਵਾ ਤੋਂ ਬਹੁਤ ਖੁਸ਼ ਹਨ। ਅੰਤ ਵਿੱਚ ਸਮੂਹ ਸਟਾਫ ਅਤੇ ਪ੍ਰਿੰਸੀਪਲ ਜੀ ਨੇ ਅਧਿਆਪਕ ਦੀ ਵਿਸ਼ੇਸ ਸ਼ਲਾਘਾ ਕੀਤੀ ਅਤੇ ਵਧਾਈ ਦਿੰਦਿਆਂ ਭਵਿੱਖ ਵਿੱਚ ਹੋਰ ਬੁਲੰਦੀਆਂ ਹਾਸਿਲ ਕਰਨ ਦੀ ਕਾਮਨਾ ਕੀਤੀ। ਅਧਿਆਪਕ ਗੁਰਦੀਪ ਸਿੰਘ ਢਿੱਲੋਂ ਨੇ ਸਮੁੱਚੀ ਹਾਇਰ ਅਥਾਰਟੀ, ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦਾ ਤਹਿ ਦਿਲੋਂ ਧੰਨਵਾਦ ਕੀਤਾ।




ਆਵਾਜ਼ਿ ਕੌਮ AWAZE QAUM International Newspaper & WEB TV

# 15 ਅਗਸਤ 'ਤੇ ਤਿਰੰਗਾ ਨਹੀਂ, ਸਿੱਖ ਨੌਜਵਾਨਾਂ ਵਲੋਂ ਖ਼ਾਲਿਸਤਾਨੀ ਝੰਡੇ ਲਹਿਰਾਉਣ ਦੀ ਅਪੀਲ



**ਲੰਡਨ, 5 ਅਗਸਤ (ਸਰਬਜੀਤ ਸਿੰਘ ਬਨੂੜ)**-ਭਾਰਤ ਸਰਕਾਰ ਵੱਲੋਂ ਆਜ਼ਾਦੀ ਦਿਵਸ ਮੌਕੇ 'ਹਰ ਘਰ ਤਿਰੰਗਾ' ਮੁਹਿੰਮ ਤਹਿਤ ਲੋਕਾਂ ਨੂੰ ਰਾਸ਼ਟਰੀ ਝੰਡਾ ਲਹਿਰਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਉਥੇ ਵਿਦੇਸ਼ੀ ਸਿੱਖ ਜੱਥੇਬੰਦੀਆਂ ਤੇ ਨੌਜਵਾਨਾਂ ਦੇ ਇੱਕ ਵੱਡੇ ਹਿੱਸੇ ਵਲੋਂ ਇਸ ਸੱਦੇ ਨੂੰ ਸਿਰੇ ਤੋਂ ਖ਼ਾਰਜ ਕਰਦਿਆਂ ਖ਼ਾਲਿਸਤਾਨ ਦਾ ਝੰਡਾ ਲਹਿਰਾਉਣ ਦੀ ਅਪੀਲ ਕੀਤੀ ਗਈ ਹੈ। ਇਹ ਅਪੀਲ ਨਾ ਸਿਰਫ਼ ਭਾਰਤ ਦੇ ਅੰਦਰੂਨੀ ਰਾਜਨੀਤਿਕ ਤੰਤਰ ਵੱਲੋਂ ਲਗਾਤਾਰ ਹੋ ਰਹੀ ਨਿਆਂਹੀਣਤਾ ਵਲ ਇਸ਼ਾਰਾ ਕਰਦੀ ਹੈ, ਬਲਕਿ 1984 ਤੋਂ ਲੈ ਕੇ ਅੱਜ ਤੱਕ ਦੇ ਇਤਿਹਾਸਕ ਅਨਭਵਾਂ ਨੂੰ ਮੱਦੇਨਜ਼ਰ ਰੱਖਦਿਆਂ ਇੱਕ ਰੂਹਾਨੀ ਤੇ ਸਿਆਸੀ ਲਲਕਾਰ ਵੀ ਪੇਸ਼ ਕਰਦੀ ਹੈ। ਅਮਰੀਕਾ ਦੇ ਨੌਜਵਾਨ ਆਗੂ ਹਰਜਾਪ ਸਿੰਘ ਜਾਫੀ ਸਿੰਘ ਵਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ "ਸਾਨੂੰ ਤਿਰੰਗਾ ਲਹਿਰਾਉਣ ਦੀ ਨਹੀਂ ਤਿਰੰਗੇ ਹੇਠ ਮਾਰੇ ਗਏ ਸਿੱਖਾਂ ਦੀ ਯਾਦ ਰੱਖਣ ਦੀ ਲੋੜ ਹੈ ਰਾਸ਼ਟਰਵਾਦ ਦੇ ਨਾਅਰੇ ਹੇਠ ਜਦੋਂ ਸਾਡੀ ਕੌਮ ਨੂੰ ਜ਼ਿੰਦਗੀ ਦੀ ਜਗ੍ਹਾ ਨਫ਼ਰਤ ਮਿਲੀ ਹੋਵੇ, ਜਦੋਂ ਸਾਡੇ ਕਾਤਲਾਂ ਨੂੰ ਸੰਸਦਾਂ ਵਿਚ ਬੈਠਾਇਆ ਗਿਆ ਹੋਵੇ, ਜਦੋਂ ਅੱਜ ਤੱਕ ਵੀ ਨਿਆਂ ਨਹੀਂ ਮਿਲਿਆ ਤਾਂ ਫਿਰ ਕਿਸ ਤਿਰੰਗੇ ਦੀ ਵਫ਼ਾਦਾਰੀ ?" ਉਨ੍ਹਾਂ ਅੱਗੇ ਕਿਹਾ ਕਿ 15 ਅਗਸਤ ਨੂੰ ਸਿੱਖ ਨੌਜਵਾਨ ਖ਼ਾਲਿਸਤਾਨ ਦੇ ਝੰਡੇ ਲਹਿਰਾ ਕੇ ਆਪਣੀ ਆਤਮ-ਪਛਾਣ, ਇਤਿਹਾਸ ਅਤੇ ਅਸਲੀ ਆਜ਼ਾਦੀ ਲਈ ਸੰਕਲਪ ਪ੍ਰਗਟ ਕਰਨ। ਸੋਸ਼ਲ ਮੀਡੀਆ 'ਤੇ ਮੁਹਿੰਮ ਦਾ ਰੂਪ ਲੈ ਰਹੀ ਲਹਿਰ ਇਹ ਸੁਨੇਹਾ ਸਿਰਫ਼ ਭਾਰਤ ਤੱਕ ਸੀਮਿਤ ਨਹੀਂ। ਕਨੇਡਾ, ਇੰਗਲੈਂਡ, ਇਟਲੀ, ਆਸਟਰੇਲੀਆ ਅਤੇ ਅਮਰੀਕਾ ਯੂਰਪ ਵਿੱਚ ਵੱਸਦੇ ਸਿੱਖਾਂ ਵਲੋਂ ਵੀ ਇਸ ਅਵਾਜ਼ ਦੀ ਗੂੰਜ ਮਿਲ ਰਹੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਯੁੱਧ ਨਸਿਆ ਵਿਰੁੱਧ ਤਹਿਤ ਚੱਲਿਆ ਪੀਲਾ ਪੰਜਾ ਸਮਗਲਰ ਲੱਡੂ ਦਾ ਘਰ ਜ਼ਿਲ੍ਹਾ ਪ੍ਰਸ਼ਾਸਨ ਨੇ ਢਾਹਿਆ

### ਨਸ਼ੇ ਦੇ ਖਾਤਮੇ ਤੱਕ ਜਾਰੀ ਰਹੇਗਾ ਯੁੱਧ ਨਸ਼ਿਆਂ ਵਿਰੁੱਧ - ਡੀ.ਸੀ.ਪੀ.

ਜੰਡਿਆਲਾ ਗੁਰੂ 5 ਅਗਸਤ ( ਕੁਲਵੰਤ ਸਿੰਘ ਵਿਰਦੀ ) ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖਿਲਾਫ ਸੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੱਧ ਨੂੰ ਅੱਗੇ ਤੋਰਦੇ ਹੋਏ ਜਿਲਾ ਪ੍ਰਸ਼ਾਸਨ ਨੇ ਨਸ਼ਾ ਸਮਗਲਰ ਰਾਮ ਸਿੰਘ ਉਰਫ ਲੱਡੂ ਪੁੱਤਰ ਜੋਗਿੰਦਰ ਸਿੰਘ ਵਾਸੀ ਆਬਾਦੀ ਨਾਨਕਪੁਰਾ, ਗੁਰੂ ਕੀ ਵਡਾਲੀ, ਅੰਮ੍ਰਿਤਸਰ, ਜਿਸ ਦੇ ਖਿਲਾਫ ਐਨ.ਡੀ.ਪੀ.ਐਸ ਐਕਟ ਅਧੀਨ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ 3 ਕੇਸ ਦਰਜ ਹਨ, ਦਾ ਘਰ ਮਸ਼ੀਨਾਂ ਦੀ ਮਦਦ ਨਾਲ ਮਲੀਆਮੇਟ ਕਰ ਦਿੱਤਾ। ਇਸ ਮੌਕੇ ਰਾਮ ਸਿੰਘ ਫਿਲਹਾਲ ਭਗੌੜਾ ਹੈ। ਦੱਸਣ ਯੋਗ ਹੈ ਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ਸ਼ਹਿਰ ਵਿੱਚ ਨਸ਼ਾ ਸਮਗਲਰਾਂ ਦੀਆਂ 10 ਜਾਇਦਾਤਾਂ ਢਾਹੀਆਂ ਜਾ ਚੁੱਕੀਆਂ ਹਨ। ਇਸ ਮੌਕੇ ਵਿਸ਼ੇਸ ਤੌਰ ਉਤੇ ਪਹੁੰਚੇ ਪੁਲਸਿ ਦੇ ਡਿਪਟੀ ਕਮਸ਼ਿਨਰ ਸ੍ਰੀ ਆਲਮ ਵਿਜੈ ਸਿੰਘ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਸਪਸ਼ਟ ਸੰਦੇਸ਼ ਦਿੱਤਾ ਜੋ ਲੋਕ ਸਾਡੇ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਨਸ਼ਆਂ ਰੂਪੀ ਜ਼ਿਹਰ ਘੋਲ ਰਹੇ ਹਨ, ਉਹਨਾਂ ਉੱਤੇ ਕੋਈ ਰਹਿਮ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਵਿਰੁੱਧ ਯੁੱਧ ਨਸ਼ੇ ਦੀ ਸਮਾਪਤੀ ਤੱਕ ਜਾਰੀ ਰਹੇਗਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਖਿਲਾਫ ਪੁਲਿਸ ਸਖਤ ਕਾਰਵਾਈ ਕਰ ਰਹੀ ਹੈ ਅਤੇ ਜੋ ਵੀ ਇਸ ਧੰਦੇ ਵਿੱਚ ਸ਼ਾਮਿਲ ਹੈ, ਉਸ ਨੂੰ ਜੇਲ ਵਿੱਚ ਸੁਟਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਨਸ਼ੇ ਦੇ ਰੋਗੀਆਂ ਦਾ ਇਲਾਜ ਵੀ ਪੁਲਿਸ ਕਰਵਾ ਰਹੀ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਇਸ ਨਸ਼ਾ ਵਿਰੁੱਧ ਮੁਹਿੰਮ ਉੱਤੇ ਨਜ਼ਰ ਰੱਖ ਰਹੇ ਹਨ ਅਤੇ ਪੁਲਿਸ ਰੋਜ਼ਾਨਾ ਨਸ਼ੇ ਦੀਆਂ ਵੱਡੀਆਂ ਖੇਪਾਂ ਬਰਾਮਦ ਕਰ ਰਹੀ ਹੈ। ਉਹਨਾਂ ਲੋਕਾਂ ਨੂੰ ਇਹ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਦੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ। ਉਹਨਾਂ ਕਿਹਾ ਕਿ ਅਸੀਂ ਜਾਣਕਾਰੀ ਦੇਣ ਵਾਲੇ ਦਾ ਨਾਂ ਬਿਲਕੁਲ ਗੁਪਤ ਰੱਖ ਕੇ ਐਸੀ ਕਾਰਵਾਈ ਕਰਾਂਗੇ ਕਿ ਨਸ਼ਾ ਤਸਕਰਾਂ ਦੀਆਂ ਆਉਣ ਵਾਲੀਆਂ ਪੀੜੀਆਂ ਵੀ ਯਾਦ ਰੱਖਣਗੀਆਂ। ਇਸ ਮੌਕੇ ਏ.ਸੀ.ਪੀ. ਵੈਸਟ ਸ਼ਿਵਦਰਸ਼ਨ ਸਿੰਘ, ਅਤੇ ਹੋਰ ਮੋਹਤਬਰ ਅਧਿਕਾਰੀ ਹਾਜ਼ਰ ਸਨ।



ਸੈਦਪੁਰ ਦੀ ਪੰਚਾਇਤ ਅਨੇਕਾਂ ਪਰਿਵਾਰਾਂ ਸਮੇਤ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਚ ਸ਼ਾਮਿਲ ਸ੍ਰ: ਈ.ਟੀ.ਓ

# ਹਲਕੇ ਦੇ ਵੱਖ ਵੱਖ ਪਿੰਡਾਂ ਦੀਆਂ ਸੜਕਾਂ ਦੇ ਰੱਖੇ ਨੀਂਹ ਪੱਥਰ







**ਜੰਡਿਆਲਾ ਗੁਰੂ, 5 ਅਗਸਤ ( ਕੁਲਵੰਤ ਸਿੰਘ ਵਿਰਦੀ )**-ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਜੰਡਿਆਲਾ ਗੁਰੂ ਹਲਕੇ ਦੇ ਪਿੰਡ ਮਹਿਸਮਪੁਰਾ ਅਤੇ ਸੈਦਪੁਰ ਵਿਚ ਕਰੀਬ 13 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੇ ਨੀਂਹ ਪੱਥਰ ਰੱਖੇ ।ਇੰਨਾ ਸੜਕਾਂ ਵਿੱਚ ਪਿੰਡ ਸੈਦਪੁਰ ਤੋਂ ਧਰਮੂ ਚੱਕ ਅਤੇ ਸੈਦਪੁਰ ਤੋਂ ਅੰਮ੍ਰਿਤਸਰ ਮਹਿਤਾ ਰੋਡ ਵਾਇਆ ਜਲਾਲ ਸੜਕ ਸ਼ਾਮਿਲ ਹੈ। ਇਸ ਦੇ ਨਾਲ ਹੀ ਸੈਦਪੁਰ ਕਾਲੇ ਕੇ ਬਟਾਰੀ ਰੋਡ ਨੂੰ ਅਪਗ੍ਰੇਡ ਕੀਤਾ ਜਾਵੇਗਾ। ਇਸ ਮੌਕੇ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕਰਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਹਲਕੇ ਵਿਚ ਵਿਕਾਸ ਦੇ ਨਾਮ ਤੇ ਵੋਟਾਂ ਮੰਗਾਂਗੇ। ਉਨਾਂ ਪਿਛਲੇ ਸਮੇਂ ਦੇ ਵਿਧਾਇਕਾਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਸਾਡੇ ਵੱਲੋ ਹਲਕੇ ਦਾ ਵੱਧ ਵਿਕਾਸ ਅਤੇ ਹੁਣ ਤੱਕ ਦੀਆਂ ਸਭ ਤੋ ਵੱਧ ਗਰਾਟਾਂ ਦਿੱਤੀਆਂ ਗਈਆਂ ਹਨ ਉਨਾਂ ਕਿਹਾ ਕਿ ਮੈਂ ਆਪਣੇ ਹਲਕੇ ਵਿੱਚ ਕੋਈ ਵੀ ਸਰਕਾਰੀ ਸਕੂਲ ਅਜਿਹਾ ਨਹੀਂ ਰਹਿਣ ਦਿੱਤਾ ਜਿਸ ਵਿੱਚ ਉਹਨਾਂ ਦੀ ਜਰੂਰਤ ਅਨੁਸਾਰ ਲੋੜਾਂ ਪੂਰੀਆਂ ਨਹੀਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਹਲਕੇ ਦੀਆਂ ਬਹੁਤੀਆਂ ਸੜਕਾਂ ਚੌੜੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਬਾਕੀ ਸੜਕਾਂ ਵੀ ਨਵੀਆਂ ਬਣ ਰਹੀਆਂ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਜਿਨਾਂ ਵਾਅਦਿਆਂ ਨਾਲ ਸੱਤਾ ਵਿੱਚ ਆਈ ਸੀ, ਉਨਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਸ ਹਰਭਜਨ ਸਿੰਘ ਨੇ ਕਿਹਾ ਕਿ ਅਸੀਂ ਇਹਨਾਂ ਕੰਮਾਂ ਦੇ ਆਧਾਰ ਉੱਤੇ ਹੀ ਲੋਕਾਂ ਦੀ ਕਚਹਿਰੀ ਵਿੱਚ ਜਾਵਾਂਗੇ ਅਤੇ ਵੱਡੀ ਫਰਕ ਨਾਲ ਮੁੜ ਜਿੱਤ ਪ੍ਰਾਪਤ ਕਰਾਂਗੇ। ਇਸ ਮੌਕੇ ਆਮ ਆਦਮੀ ਪਾਰਟੀ ਦੀ ਨੀਤੀਆਂ ਤੋਂ ਖੁਸ਼ ਹੋ ਕੇ ਪਿੰਡ ਸੈਦਪੁਰ ਹਲਕਾ ਜੰਡਿਆਲਾ ਗੁਰੂ ਦੀ ਸਮੁੱਚੀ ਮੌਜੂਦਾ ਪੰਚਾਇਤ ਅਨੇਕਾਂ ਪਰਿਵਾਰਾਂ ਸਮੇਤ ਆਪਣੀਆ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਚ ਸ਼ਾਮਲ ਹੋਈ।ਕੈਬਨਿਟ ਮੰਤਰੀ ਨੇ ਇਹਨਾਂ ਸ਼ਾਮਿਲ ਹੋਏ ਮੋਹਤਬਰਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਭਰੋਸਾ ਦਿੱਤਾ ਕਿ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਹਰੇਕ ਵਰਕਰ ਦਾ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਸਾਡੇ ਵਰਕਰ ਸਾਡਾ ਪਰਿਵਾਰ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਿਤ

# ਗੁਰਮਤਿ ਸਮਾਗਮ 7 ਨੂੰ ਬੁੰਗਾ ਮਸਤੂਆਣਾ ਵਿਖੇ ਹੋਣਗੇ



**ਤਲਵੰਡੀ ਸਾਬੋ, 04 ਅਗਸਤ (ਗੁਰਜੰਟ ਸਿੰਘ ਨਥੇਹਾ)**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਸਮਾਗਮਾਂ ਨੂੰ ਸਮਰਪਿਤ ਕਰਕੇ ਧਾਰਮਿਕ ਸਮਾਗਮਾਂ ਦੀਆਂ ਲੜੀਆਂ ਦੀ ਸ਼ੁਰੂਆਤ ਪ੍ਰਸਿੱਧ ਧਾਰਮਿਕ ਸੰਸਥਾ ਗੁਰਦੁਆਰਾ ਬੁੰਗਾ ਮਸਤੂਆਣਾ ਧਾਰਮਿਕ ਮਹਾਂ ਵਿਦਿਆਲਾ ਵਿਖੇ 5 ਤੋਂ 7 ਅਗਸਤ ਤੱਕ ਕਰਵਾਏ ਜਾਣ ਵਾਲੇ ਤਿੰਨ ਰੋਜ਼ਾ ਗੁਰਮਤਿ ਸਮਾਗਮਾਂ ਨਾਲ ਹੋਣ ਜਾ ਰਹੀ ਹੈ ਅਤੇ ਉਕਤ ਸਮਾਗਮਾਂ ਦੀਆਂ ਤਿਆਰੀਆਂ ਸਬੰਧੀ ਅੱਜ ਬੁੰਗਾ ਮਸਤੂਆਣਾ ਦੇ ਸਮੂੰਹ ਪ੍ਰਬੰਧਕਾਂ/ਵਿਦਿਆਰਥੀਆਂ ਨੇ ਬੁੰਗਾ ਮਸਤੂਆਣਾ ਮੁਖੀ ਬਾਬਾ ਕਾਕਾ ਸਿੰਘ ਦੀ ਅਗਵਾਈ ਹੇਠ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ,ਜੋ ਸੰਪਰਦਾਇ ਮਸਤੂਆਣਾ ਦੇ ਮੁਖੀ ਵੀ ਹਨ ਨਾਲ ਵੀਚਾਰ ਚਰਚਾ ਕੀਤੀ। ਉਕਤ ਇਕੱਤਰਤਾ ਉਪਰੰਤ ਗੱਲਬਾਤ ਕਰਦਿਆਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਨੇ ਦੱਸਿਆ ਕਿ ਕਲਗੀਧਰ ਦਸਮੇਸ਼ ਪਿਤਾ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਅਸਥਾਨ ਉੱਪਰ ਭਾਈ ਮਨੀ ਸਿੰਘ ਨੂੰ ਲਿਖਾਰੀ ਅਤੇ ਬਾਬਾ ਦੀਪ ਸਿੰਘ ਨੂੰ ਸਹਿ ਲਿਖਾਰੀ ਥਾਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਵਾਈ ਸੀ ਗੁਰੂ ਸਾਹਿਬ ਨੇ 23 ਸਾਉਣ 1763 ਬ੍ਰਿਕਮੀ ਨੂੰ 25 ਸਿੰਘ ਲਗਾਕੇ ਸ੍ਰੀ ਆਖੰਡ ਪਾਠ ਸਾਹਿਬ ਕਰਵਾਏ ਅਤੇ ਉਸੇ ਪੁਰਾਤਨ ਮਰਿਯਾਦਾ ਤੇ ਪਹਿਰਾ ਦਿੰਦੇ ਹੋਏ 25 ਸਿੰਘ ਲਗਾ ਕੇ ਬੜੇ ਪ੍ਰੇਮ ਉਤਸ਼ਾਹ ਨਾਲ ਬੁੰਗਾ ਮਸਤੂਆਣਾ ਦੇ ਦਰਬਾਰ ਸਾਹਿਬ ਵਿਖੇ 5 ਅਗਸਤ ਤੋਂ ਆਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਜਾਣਗੇ ਜਿੰਨ੍ਹਾਂ ਦੇ ਭੋਗ 7 ਅਗਸਤ ਨੂੰ ਪਾਏ ਜਾਣਗੇ। ਉੱਧਰ ਬੁੰਗਾ ਮਸਤੂਆਣਾ ਦੇ ਮੁਖੀ ਬਾਬਾ ਕਾਕਾ ਸਿੰਘ ਨੇ ਦੱਸਿਆ ਕਿ ਇੰਨਾਂ ਸਮਾਗਮਾਂ ਪ੍ਰਤੀ ਸੰਗਤਾਂ ਚ ਵਿਸ਼ੇਸ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਗੁਰਮਤਿ ਸਮਾਗਮਾਂ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਉਨਾਂ ਨੇ ਇਲਾਕੇ ਦੀਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 7 ਅਗਸਤ ਨੂੰ ਮੁੱਖ ਸਮਾਗਮਾਂ ਚ ਵਧ ਚੜ੍ਹ ਕੇ ਹਾਜ਼ਰੀਆਂ ਲਵਾਉਣ। ਅੱਜ ਦੀ ਇਕੱਤਰਤਾ ਚ ਭਾਈ ਸੰਤ ਸਿੰਘ ਸਕੱਤਰ ਬੁੰਗਾ ਮਸਤੂਆਣਾ, ਬਲਜੀਤ ਸਿੰਘ ਨਿੱਜੀ ਸਹਾਇਕ ਸਿੰਘ ਸਾਹਿਬ, ਬਲਜੀਤ ਸਿੰਘ ਨੰਗਲਾ ਸੇਵਾਮੁਕਤ ਏ.ਈ.ਈ ਪਾਵਰਕਾਮ ਤੋਂ ਇਲਾਵਾ ਵੱਡੀ ਗਿਣਤੀ ਮਸਤੂਆਣਾ ਦੇ ਵਿਦਿਆਰਥੀ ਮੌਜੂਦ ਸਨ।

## ਬੁੰਗਾ ਮਸਤੂਆਣਾ ਪ੍ਰਬੰਧਕਾਂ ਵੱਲੋਂ ਤਿਆਰੀਆਂ ਸਬੰਧੀ ਜਥੇਦਾਰ ਬਾਬਾ ਟੇਕ ਸਿੰਘ ਨਾਲ ਕੀਤੀ ਗਈ ਮੀਟਿੰਗ

## ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਤੇ ਰੱਖੜ ਪੁੰਨਿਆ ਦੇ ਤਿਉਹਾਰ ਨੂੰ ਸਮਰਪਿਤ 5 ਲੜੀਵਾਰ ਅਖੰਡ ਪਾਠਾਂ ਤੋਂ ਉਪਰੰਤ ਧਾਰਮਿਕ ਦੀਵਾਨ ਸਜਾਏ : ਬਾਬਾ ਸੁਖਵਿੰਦਰ ਸਿੰਘ



**ਜੰਡਿਆਲਾ ਗੁਰੂ 5 ਅਗਸਤ ( ਕੁਲਵੰਤ ਸਿੰਘ ਵਿਰਦੀ )**-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਧਾਰਮਿਕ ਜਥੇਬੰਦੀਆਂ ਬਹੁਤ ਸ਼ਰਧਾ ਭਾਵਨਾਵਾਂ ਅਤੇ ਉਤਸ਼ਾਹ ਨਾਲ ਮਨਾ ਰਹੀਆਂ ਹਨ ਜੋ ਬਹੁਤ ਹੀ ਚੰਗੀ ਗੱਲ ਤੇ ਵੱਡੇ ਭਾਗ ਹਨ, ਪੰਜਾਬ ਸਰਕਾਰ ਵੀ 350 ਸਾਲਾਂ ਨੂੰ ਸਮਰਪਿਤ ਰੱਖੜਪੁਨਿਆ ਤੇ ਇਕੱਠ ਕਰ ਰਹੀ ਹੈ, ਉਥੇ ਗੁਰਦੁਆਰਾ ਸਿੰਘਾਂ ਸ਼ਹੀਦਾਂ ਡੇਰਾ ਸੰਤ ਬਾਬਾ ਜਰਨੈਲ ਸਿੰਘ ਜੀ ਨੰਗਲ ਬੇਟ ਨੇੜੇ ਆਲੋਵਾਲ ਫਿਲੌਰ ਵਿਖੇ 350 ਸਾਲਾਂ ਸ਼ਹੀਦੀ ਸ਼ਤਾਬਦੀ ਤੇ ਰੱਖੜ ਪੁੰਨਿਆ ਨੂੰ ਸਮਰਪਿਤ ਪੰਜ ਲੜੀਵਾਰ ਅਖੰਡ ਪਾਠਾਂ ਦੇ ਭੋਗ ਪਾਉਣ ਤੋਂ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਢਾਡੀ ਕਵੀਸ਼ਰ ਜਥਿਆਂ ਨੇ ਹਾਜ਼ਰੀ ਲਵਾਈ, ਸਮੂਹ ਅਖੰਡ ਪਾਠ ਸ਼ਰਧਾਲੂਆਂ, ਧਾਰਮਿਕ ਬੁਲਾਰਿਆ ਤੇ ਹੋਰ ਸਨਮਾਨ ਯੋਗ ਹਸਤੀਆਂ ਦਾ ਮੁੱਖ ਪ੍ਰਬੰਧਕ ਸੰਤ ਸੁਖਵਿੰਦਰ ਸਿੰਘ ਜੀ ਵੱਲੋਂ ਸਨਮਾਨ ਕੀਤਾ ਗਿਆ ਅਤੇ ਸਾਰੀਆਂ ਸੰਗਤਾਂ ਨੇ ਗੁਰ ਮਰਯਾਦਾ ਅਨੁਸਾਰ ਲੰਗਰ ਦੀ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਿਆ ,ਇਸ ਸਬੰਧੀ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਮੁੱਖ ਪ੍ਰਬੰਧਕ ਸੰਤ ਸੁਖਵਿੰਦਰ ਸਿੰਘ ਜੀ ਨਾਲ ਗੱਲਬਾਤ ਕਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ ਉਹਨਾਂ ਦੱਸਿਆ ਸਮਾਗਮ ਸਬੰਧੀ ਪਰਸੋਂ ਦੇ ਰੋਜ਼ ਤੋਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਦੇ ਪੰਜ ਲੜੀਵਾਰ ਅਖੰਡ ਪਾਠ ਸਾਹਿਬ ਰੱਖੇ ਗਏ ਸਨ ਜਿਨ੍ਹਾਂ ਦੇ ਅੱਜ ਸੰਪੂਰਨ ਭੋਗ ਅਰਦਾਸ ਤੇ ਪਾਵਨ ਪਵਿੱਤਰ ਹੁਕਮ ਨਾਮੇ ਤੋਂ ਉਪਰੰਤ ਧਾਰਮਿਕ ਦੀਵਾਨ ਦੀ ਅਰੰਭਤਾ ਗੁਰੂ ਘਰ ਦੇ ਹਜ਼ੂਰੀ ਕੀਰਤਨੀ ਜਥੇ ਵੱਲੋਂ ਕੀਤੀ ਗਈ ਅਤੇ ਹੁਕਮਨਾਮੇ ਤੇ ਕਥਾ ਵਿਚਾਰ ਮੁੱਖ ਪ੍ਰਬੰਧਕ ਸੰਤ ਬਾਬਾ ਸੁਖਵਿੰਦਰ ਸਿੰਘ ਜੀ ਵੱਲੋਂ ਕੀਤੀ ਗਈ, ਭਾਈ ਖਾਲਸਾ ਨੇ ਦੱਸਿਆ ਸਮਾਗਮ ਵਿੱਚ ਅੱਧੀ ਦਰਜਨ ਤੋਂ ਵੱਧ ਬੁਲਾਰਿਆਂ ਨੇ ਹਾਜ਼ਰੀ ਲਵਾਈ ਤੇ ਸੰਗਤਾਂ ਨੂੰ ਗੁਰਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ, ਸੰਤ ਸੁਖਵਿੰਦਰ ਸਿੰਘ ਜੀ ਨੇ ਕਥਾ ਵਿਚਾਰ ਰਾਹੀਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਤੇ ਰੱਖੜ ਪੁੰਨਿਆ ਦੇ ਤਿਉਹਾਰ ਸਬੰਧੀ ਸੰਗਤਾਂ ਨੂੰ ਵਿਸਥਾਰ ਨਾਲ ਚਾਨਣਾ ਪਾਇਆ , ਅਖੰਡ ਪਾਠ ਸ਼ਰਧਾਲੂਆਂ ਧਾਰਮਿਕ ਬੁਲਾਰਿਆ ਤੇ ਹੋਰਾ ਦਾ ਮੁੱਖ ਪ੍ਰਬੰਧਕ ਸੰਤ ਸੁਖਵਿੰਦਰ ਸਿੰਘ ਜੀ, ਡਾਕਟਰ ਅਮਰਜੋਤ ਸਿੰਘ ਸੰਧੂ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ, ਇਸ ਮੌਕੇ ਬਾਬਾ ਦਾਰਾ ਸਿੰਘ ਭਾਈ ਗੁਰਮੇਲ ਸਿੰਘ ਭਾਈ ਰਵਿੰਦਰ ਸਿੰਘ ਭਾਈ ਓਂਕਾਰ ਸਿੰਘ ਤੇ ਭਾਈ ਰਿੰਕੂ ਤੋਂ ਇਲਾਵਾ ਕਈ ਹੋਰ ਹਾਜ਼ਰ ਸਨ ।

# ਸ਼ਹਿਰ ਨੂੰ ਪਲਾਸਟਿਕ ਤੋਂ ਮੁਕਤ ਕਰਵਾਉਣ ਦੀ ਪਹਿਲ ਲਈ ਜਿਲ੍ਹਾ ਪ੍ਰਸਾਸਨ ਨੇ ਲਿਆ ਅੰਮ੍ਰਿਤਸਰ ਕੇਂਦਰੀ ਜੇਲ ਦਾ ਸਹਿਯੋਗ

## ਓਟੀਟੀ ਟ੍ਰਾਂਸਫਾਰਮੇਟਿਵ ਟਰੱਸਟ ਕਰਵਾਏਗਾ ਕੈਦੀਆਂ ਤੋਂ ਪਲਾਸਟਿਕ ਦੇ ਬਦਲ ਵਜੋਂ ਬੈਗ ਤਿਆਰ



**ਜੰਡਿਆਲਾ ਗੁਰੂ, 5 ਅਗਸਤ ( ਕੁਲਵੰਤ ਸਿੰਘ ਵਿਰਦੀ )**-ਪਲਾਸਟਿਕ ਦੀ ਵਰਤੋਂ ਨੂੰ ਰੋਕਣ ਅਤੇ ਟਿਕਾਊ ਵਿਕਲਪਾਂ ਨੂੰ ਉਤਸ਼ਾਹਿਤ ਕਰਨ ਦੇ ਸਾਂਝੇ ਯਤਨਾਂ ਵਜੋਂ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਨੇ ਕੇਂਦਰੀ ਜੇਲ੍ਹ ਅਤੇ ਓਟੀਟੀ ਟ੍ਰਾਂਸਫਾਰਮੇਟਿਵ ਟਰੱਸਟ ਦੇ ਸਹਿਯੋਗ ਨਾਲ, ਵਾਤਾਵਰਣ-ਅਨੁਕੂਲ ਕੱਪੜੇ ਦੇ ਥੈਲਿਆਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਜ਼ੋਰਦਾਰ ਮੁਹਿੰਮ ਸ਼ੁਰੂ ਕਰਨ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਸਾਡੀ ਕੋਸ਼ਿਸ਼ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਇਸ ਮੁੱਦੇ ਉੱਤੇ ਜਾਰੀ ਕੀਤੀਆਂ ਹਿਦਾਇਤਾਂ ਨੂੰ ਇਨ ਬਿਨ ਲਾਗੂ ਕਰਨ ਦੀ ਹੈ। ਉਹਨਾਂ ਕਿਹਾ ਕਿ ਭਵਿੱਖ ਵਿੱਚ ਪਲਾਸਟਿਕ ਦੀ ਵਰਤੋਂ ਰੋਕਣ ਲਈ ਦੁਕਾਨਦਾਰਾਂ ਨੂੰ ਇਹ ਬਦਲ ਦਿੱਤਾ ਜਾਵੇਗਾ। ਜੋ ਦੁਕਾਨਦਾਰ ਪਲਾਸਟਿਕ ਦੀ ਵਰਤੋਂ ਤੋਂ ਨਹੀਂ ਰੁਕਣਗੇ ਉਨਾਂ ਨੂੰ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ। ਉਹਨਾਂ ਦੱਸਿਆ ਕਿ ਇਸ ਮਿਸ਼ਨ ਲਈ ਡਾ. ਸਿਮਰਪ੍ਰੀਤ ਸੰਧੂ "ਓਟੀਟੀ ਟ੍ਰਾਂਸਫਾਰਮੇਟਿਵ ਟਰੱਸਟ" ਦੇ ਸਹਿਯੋਗ ਨਾਲ ਕੱਪੜੇ ਦੇ ਥੈਲਿਆਂ ਲਈ ਕੱਚਾ ਮਾਲ ਟੈਕਸਟਾਈਲ ਉਦਯੋਗ ਤੋਂ ਲਿਆ ਜਾਵੇਗਾ ਅਤੇ ਬੈਗਾਂ ਨੂੰ ਕੇਂਦਰੀ ਜੇਲ੍ਹ, ਅੰਮ੍ਰਿਤਸਰ ਦੇ ਕੈਦੀਆਂ ਦੁਆਰਾ ਸਿਲਾਈ ਕੀਤਾ ਜਾਵੇਗਾ। ਇਹ ਬੈਗ ਵਾਤਾਵਰਣ-ਅਨੁਕੂਲ, ਟਿਕਾਊ ਅਤੇ ਲਿਜਾਣ ਵਿੱਚ ਆਸਾਨ ਹੋਣਗੇ। ਉਹਨਾਂ ਕਿਹਾ ਕਿ ਜਿੱਥੇ ਸੈਲਾਨੀਆਂ ਦੀ ਆਮਦ ਜਿਆਦਾ ਹੈ ਉੱਥੇ ਇਹਨਾਂ ਦੀ ਵਰਤੋਂ ਤਰਜੀਹੀ ਅਧਾਰ ਉੱਤੇ ਕੀਤੀ ਜਾਵੇਗੀ ਅਤੇ ਸਾਡਾ ਟੀਚਾ ਨਵੰਬਰ ਤੱਕ 3.5 ਲੱਖ ਕੱਪੜੇ ਦੇ ਬੈਗ ਤਿਆਰ ਕਰਨ ਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਤੋਂ ਇਲਾਵਾ, ਮਾਰਕੀਟ ਐਸੋਸੀਏਸ਼ਨਾਂ ਅਤੇ ਸਿਵਲ ਡਿਫੈਂਸ ਵਲੰਟੀਅਰਾਂ ਦਾ ਸਾਥ ਵੀ ਲਿਆ ਜਾਵੇਗਾ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਹਿੰਦੁਸਤਾਨ ਦਾ ਖ਼ੂਨੀ ਚਿਹਰਾ

# ਇੱਕ ਵਾਰ ਫਿਰ ਹੋਇਆ ਨੰਗਾ





ਸੰਨ 1993 ਵਿੱਚ ਹੋਏ ਇੱਕ ਝੂਠੇ ਪੁਲੀਸ ਮੁਕਾਬਲੇ ਦੇ ਚੱਲਦੇ ਕੇਸ ਦੀ 1 ਅਗਸਤ 2025 ਨੂੰ ਮੁਹਾਲੀ ਦੀ ਸੀ ਬੀ ਆਈ ਅਦਾਲਤ ਨੇ 10 ਪੁਲੀਸ ਕਰਮਚਾਰੀਆਂ ਨੂੰ ਦੋਸ਼ੀ ਕਰਾਰ ਦੇ ਕੇ ਕਾਰਵਾਈ ਮੁਕੰਮਲ ਕੀਤੀ! ਏਸ ਝੂਠੇ ਪੁਲੀਸ ਮੁਕਾਬਲੇ ਵਿੱਚ ਵਿੱਚ ਇਹਨਾਂ ਦਸ ਭਾਰਤੀ ਫੋਰਸ ਅਤੇ ਪੰਜਾਬ ਪੁਲੀਸ ਦੇ ਮੁਲਾਜ਼ਮਾਂ ਨੇ ਸੱਤ ਨਿਰਦੋਸ਼ ਸਿੱਖਾਂ ਨੂੰ ਤਰੱਕੀਆਂ ਲੈਣ ਲਈ ਮੋਢਿਆਂ ਤੇ ਤਾਰੇ ਲਵਾਉਣ ਅਤੇ ਵਧਾਉਣ ਲਈ ਅਤੇ ਪੈਸੇ ਕਮਾਉਣ ਲਈ ਮੌਤ ਦੇ ਘਾਟ ਉੱਤਾਰ ਦਿੱਤਾ ਸੀ ! ਇਸ ਕੇਸ ਦਾ 32 ਸਾਲ ਬਾਅਦ ਫੈਸਲਾ ਹੋਇਆ ਹੈ, ਜਿਸ ਵਿੱਚ ਦਸ ਪੁਲੀਸ ਮੁਲਾਜ਼ਮਾਂ ਨੂੰ ਉੱਮਰ ਕੈਦ ਅਤੇ ਸਾਢੇ ਸਤਾਰਾਂ

## ਵਿਚਾਰ ਆਪੋ-ਆਪਣਾ

ਲੱਖ ਰੁਪਏ ਦਾ ਜ਼ੁਰਮਾਨਾ ਵੀ ਕੀਤਾ ਗਿਆ ! ਇੱਕ ਅਗਸਤ ਵੀਹ ਸੌ ਪੱਚੀ ਨੂੰ ਕੇਸ ਦਾ ਫੈਸਲਾ ਹੋਇਆ ਅਤੇ ਚਾਰ ਅਗਸਤ ਵੀਹ ਸੌ ਪੱਚੀ ਨੂੰ ਜਾਣੀ ਕੱਲ੍ਹ ਮੁਲਜ਼ਮਾਂ ਨੂੰ ਸਜਾ ਸੁਣਾਈ ਗਈ ! ਇਹਨਾਂ ਦਸ ਦੁਸ਼ਟਾਂ ਵਿੱਚੋਂ ਪੰਜ ਜਾਣੇ ਕੁਦਰਤੀ ਮੌਤੇ ਮਰ ਚੁੱਕੇ ਹਨ ! ਬਾਕੀ ਪੰਜ ਐਸ ਐਸ ਪੀ ਭੁਪਿੰਦਰਜੀਤ ਸਿੰਘ ਡੀ ਐਸ ਪੀ ਦਵਿੰਦਰ ਸਿੰਘ ਇੰਸਪੈਕਟਰ ਸੂਬਾ ਸਿੰਘ ਇੰਸਪੈਕਟਰ ਗੁਲਬਰਗ ਸਿੰਘ ਅਤੇ ਇੰਸਪੈਕਟਰ ਰਘਬੀਰ ਸਿੰਘ ਨੂੰ ਉੱਮਰ ਕੈਦ ਦੀ ਸਜਾ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ! ਵੈਸੇ ਤਾਂ ਅਸੀ ਇਸ ਨੂੰ ਇਨਸਾਫ ਨਹੀਂ ਕਹਿ ਸਕਦੇ , ਪਰ ਭਾਰਤ ਵਿੱਚ ਸਿੱਖਾਂ ਨੂੰ ਐਨਾ ਕੁ ਇਨਸਾਫ਼ ਮਿਲ ਜਾਣਾ ਵੀ ਕਾਫ਼ੀ ਕਿਹਾ ਜਾ ਸਕਦਾ ਹੈ ! ਇਸੇ ਸਾਲ ਵਿੱਚ ਮੇਰੀ ਜਾਣਕਾਰੀ ਮੁਤਾਬਿਕ ਇਹ ਤੀਜਾ ਜਾਂ ਚੌਥਾ ਕੇਸ ਹੈ ਜਿਸ ਵਿੱਚ ਝੂਠੇ ਪੁਲੀਸ ਮੁਕਾਬਲੇ ਵਿੱਚ ਹਿੰਦਸਤਾਨੀ ਫੋਰਸ ਦੇ ਜਲਾਦਾਂ ਨੂੰ ਇਹ ਸਜਾ ਮਿਲੀ ਹੈ ! ਇੱਕ ਮਾਤਾ ਪੱਤਰਕਾਰ ਨੂੰ ਦੱਸ ਰਹੀ ਕਿ ਜਦੋਂ ਮੇਰੇ ਘਰਵਾਲੇ ਨੂੰ ਇਹਨਾਂ ਦਰਿੰਦਿਆਂ ਨੇ ਮਾਰਿਆ ਸੀ ਉੱਦੋਂ ਮੈਂ ਗਰਭਵਤੀ ਸੀ ਬੱਚੇ ਦਾ ਜਨਮ ਬਾਅਦ ਵਿੱਚ ਹੋਇਆ! ਇਹ ਮੈਂ ਜਾਂ ਮੇਰਾ ਵਾਹਿਗੁਰੂ ਹੀ ਜਾਣਦਾ ਹੈ ਤ ਕਿ ਮੈਂ ਕਿਹਨਾਂ ਹਾਲਾਤਾਂ ਵਿੱਚ ਆਪਣੇ ਬੱਚੇ ਨੂੰ ਪਾਲਿਆ! ਜਾਹਰ ਹੈ ਕਿ ਬਾਕੀ ਛੇ ਪਰਿਵਾਰਾਂ ਉੱਤੇ ਵੀ ਇਹੀ ਕੁੱਝ ਵਾਪਰਿਆ ਹੋਵੇਗਾ! 1980 - 1990 ਦੇ ਦਹਾਕਿਆਂ ਵਿੱਚ ਪੰਜਾਬ ਨੂੰ ਇੱਕ ਬਲਦੀ ਭੱਠੀ ਬਣਾ ਦਿੱਤਾ ਗਿਆ ਸੀ ! ਦਿੱਲੀ ਸਰਕਾਰ ਅਤੇ ਭਾਰਤੀ ਏਜੰਸੀਆਂ ਦੇ ਦਫ਼ਤਰਾਂ ਵਿੱਚੋਂ ਚੱਲਦੀ ਸਿੱਖ ਕਾਤਲ ਮਸ਼ੀਨ ਨੇ ਪੰਜਾਬ ਪੁਲੀਸ ਦੀਆਂ ਬਾਗਾਂ ਖੋਹਲ ਦਿੱਤੀਆਂ ਸਨ ! ਪੰਜਾਬ ਪੁਲੀਸ ਵਾਲੇ ਜਿਹਨਾਂ ਵਿੱਚ ਜਿਆਦਾਤਰ ਗਿਣਤੀ ਵੀ ਸਿੱਖ ਪੁਲੀਸ ਵਾਲਿਆਂ ਦੀ ਹੀ ਸੀ ਆਪਣੇ ਹੀ ਸਿੱਖ ਭਰਾਵਾਂ ਅਤੇ ਬੱਚਿਆਂ ਨੂੰ ਮਾਰ ਮਾਰ ਕੇ ਤਰੱਕੀਆਂ ਕਰਦੇ ਰਹੇ ਅਤੇ ਪੈਸੇ ਕਮਾਉਂਦੇ ਰਹੇ ! ਸਿਆਣੇ ਕਹਿੰਦੇ ਹਨ ਕਿ ਕੁੱਤਾ ਜਦੋਂ ਹਲਕ ਜਾਵੇ ਤਾਂ ਉਂਹ ਆਪਣੇ ਮਾਲਕ ਦਾ ਵੀ ਲਿਹਾਜ਼ ਨਹੀਂ ਕਰਦਾ ! ਹੁਣ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਮਰਨ ਵਾਲੇ ਵੀ ਸਿੱਖ ਅਤੇ ਮਾਰਨ ਵਾਲੇ ਵੀ ਸਿੱਖ ਤੇ ਸਿੱਖਾਂ ਦੇ ਕੱਟੜ ਦੁਸ਼ਮਣ ਬਰਾਹਮਣ ਦਾ ਕੀ ਗਿਆ ਜੀ ! ਇਹ ਕਾਤਲ ਮਸ਼ੀਨ ਤਾਂ 1947 ਤੋਂ ਚੱਲਦੀ 2025 ਤੱਕ ਪਹੁੰਚ ਗਈ ਹੈ ਅਤੇ ਅੱਗੋਂ ਵੀ ਖਾਲਿਸਤਾਨ ਬਣਨ ਤੱਕ ਚੱਲਦੀ ਰਹੇਗੀ ! ਝੂਠੇ ਪੁਲੀਸ ਮੁਕਾਬਲੇ ਸਿੱਖਾਂ ਦੇ ਅੱਜ ਵੀ ਨਿਰੰਤਰ ਜਾਰੀ ਹਨ ਅਤੇ ਅੱਗੋਂ ਵੀ ਜਾਰੀ ਰਹਿਣਗੇ ਜਿੰਨਾ ਚਿਰ ਸਿੱਖ ਬਰਾਹਮਣ ਦੇ ਜੂਲ਼ੇ ਥੱਲੇ ਹਨ ! ਹੁਣ ਸੀਗੇ ਤਾਂ ਭਾਈ ਲਾਭ ਸਿੰਘ ਜੀ ਭਾਈ ਧੰਨਾਂ ਸਿੰਘ ਸਿਪਾਹੀ ਭਾਈ ਸਤਵੰਤ ਸਿੰਘ ਭਾਈ ਬੇਅੰਤ ਸਿੰਘ ਭਾਈ ਦਿਲਾਵਰ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਵੀ ਪੁਲੀਸ ਵਾਲੇ ਹੀ ਪਰ ਉੱਹਨਾਂ ਦੀ ਜਮੀਰ ਜਾਗਦੀ ਸੀ ਅਤੇ ਸਿੱਖਾਂ ਨੂੰ ਮਾਰਨ ਵਾਲਿਆਂ ਦੀ ਜਮੀਰ ਮਰ ਗਈ ਸੀ ਫਰਕ ਇੰਨਾ ਹੀ ਹੈ! ਹੈਗੇ ਸਨ ਹੋਰ ਵੀ ਬਹੁਤ ਜਾਗਦੀਆਂ ਜਮੀਰਾਂ ਵਾਲੇ ਪੁਲੀਸ ਵਾਲੇ ਜਿਨ੍ਹਾਂ ਨੇ ਬਹੁਤ ਮਦਦ ਕੀਤੀ ਖਾੜਕੂ ਵੀਰਾਂ ਦੀ ! ਇਹ ਇੱਕ ਜੰਗ ਸੀ ਹਿੰਦ ਪੰਜਾਬ ਦਾ , ਮਰੀਆਂ ਜਮੀਰਾਂ ਵਾਲੇ ਹਿੰਦੋਸਤਾਨ ਵਲੋਂ ਲੜੇ ਅਤੇ ਜਿਊਂਦੀਆਂ ਜਮੀਰਾਂ ਵਾਲੇ ਪੰਜਾਬ ਵਲੋਂ ਖਾਲਿਸਤਾਨ ਵਲੋਂ ਲੜੇ ! ਬਖਸ਼ਿਆ ਤਾਂ ਇਹਨਾਂ ਦਰਿੰਦਿਆਂ ਨੇ ਹਿੰਦੂਆਂ ਮੁਸਲਮਾਨਾਂ ਇਸਾਈਆਂ ਅਤੇ ਹੋਰ ਘੱਟ ਗਿਣਤੀਆਂ ਨੂੰ ਵੀ ਨਹੀਂ, ਬੱਸ ਖਤਰਨਾਕ ਅੱਤਵਾਦੀ ਕਹਿ ਕੇ ਗੋਲੀਆਂ ਮਾਰ ਦਿਓ ਤੇ ਸਟਾਰ ਅਤੇ ਇਨਾਮ ਲੈ ਲਓ ! ਇਹ ਜੰਗ ਪੰਦਰਾਂ ਸਤਾਰਾਂ ਸਾਲ ਚੱਲੀ ਹੈ ਜੀ 1978 ਤੋਂ 1995 ਤੱਕ, ਇਸ ਦਾ ਵਿਸ਼ਲੇਸ਼ਣ ਇੱਕ ਲੇਖ ਜਾਂ ਇੱਕ ਕਿਤਾਬ ਜਾਂ ਕੁੱਝ ਕੁ ਕਿਤਾਬਾਂ ਵਿੱਚ ਨਹੀਂ ਕੀਤਾ ਜਾ ਸਕਦਾ , ਜਾਂ ਕੁੱਝ ਬੰਦੇ ਨਹੀਂ ਕਰ ਸਕਦੇ! ਇਸ ਉੱਪਰ ਬਹੁਤ ਕੁੱਝ ਕਰਨ ਦੀ ਹਾਲੇ ਵੀ ਜਰੂਰਤ ਹੈ ! ਇਹ ਤਾਂ ਸਾਡੇ ਭਰਾਵਾਂ ਅਤੇ ਭੈਣਾਂ ਭਾਈ ਬਲਜੀਤ ਸਿੰਘ ਜੀ ਖਾਲਸਾ ਬੀਬੀ ਸੰਦੀਪ ਕੌਰ ਜੀ ਭਾਈ ਸਰਬਜੀਤ ਸਿੱਘ ਘੁਮਾਣ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਭਾਈ ਰਣਜੀਤ ਸਿੰਘ ਜੀ ਫਤਹਿਨਾਮਾ ਸਰਦਾਰ ਅਜਮੇਰ ਸਿੰਘ ਦਲਬੀਰ ਸਿੰਘ ਪੱਤਰਕਾਰ ਭਾਈ ਨਾਰਾਇਣ ਸਿੰਘ ਚੌੜਾ ਭਾਈ ਦਲਜੀਤ ਸਿੰਘ ਬਿਟੂ ਅਤੇ ਕੁੱਝ ਹੋਰ ਸਿੰਘਾਂ ਸਿੰਘਣੀਆਂ ਨੇ ਮੌਜੂਦਾ ਇਤਿਹਾਸ ਲਿਖ ਕੇ ਖ਼ੂਨੀ ਹਿੰਦੋਸਤਾਨ ਦਾ ਬੂਥਾ ਭੰਨਿਆਂ ਹੈ ! ਬਾਕੀ ਭਾਈ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਵੀ ਇਸੇ ਗੱਲ ਉੱਤੇ ਜੋਰ ਦਿੱਤਾ ਸੀ ਕਿ ਅਸੀਂ ਸਿੱਖ ਹਿੰਦੋਸਤਾਨ ਵਿੱਚ ਗੁਲਾਮ ਹਾਂ ਅਤੇ ਹਰ ਹੀਲੇ ਆਜ਼ਾਦ ਹੋਣਾ ਹੈ ! ਪਹਿਲਾਂ ਅਸੀਂ ਟੋਪੀ ਆਜ਼ਾਦ ਕਰਵਾਈ ਸੀ ਹੁਣ ਅਸੀਂ ਪੱਗ ਜਾਣੀ ਦਸਤਾਰ ਆਜ਼ਾਦ ਕਰਵਾਉਣੀ ਹੈ! ਅਤੇ ਸਾਡਾ ਵੀ ਸਾਰੀ ਸਿੱਖ ਕੌਮ ਨੂੰ ਏਹੀ ਹੋਕਾ ਹੈ ਭਾਈ ਡਰ ਅਤੇ ਗੁਲਾਮੀ ਨੂੰ ਦਿਲਾਂ ਦਿਮਾਗ.ਾਂ ਵਿੱਚੋਂ ਕੱਢ ਦਿਓ ! ਅੱਜ ਅਮਰੀਕਾ ਇੰਗਲੈਂਡ ਯੂਰਪੀਅਨ ਵਰਗੀਆਂ ਤਾਕਤਾਂ ਸਿੱਖਾਂ ਦੀ ਖਾਲਿਸਤਾਨ ਦੀ ਪਿੱਠ ਉੱਪਰ ਖੜ੍ਹ ਗਈਆਂ ਹਨ ! ਅਸੀਂ ਵਿਦੇਸ਼ਾਂ ਵਿੱਚ ਬੈਠ ਕੇ ਵੀ ਦਿਨ ਰਾਤ ਇੱਕ ਕੀਤਾ ਹੋਇਆ ਹੈ ! ਮਰਨ ਅਤੇ ਜੇਹਲ ਤੋਂ ਸਾਨੂੰ ਬਿਲਕੁੱਲ ਵੀ ਡਰ ਨਹੀਂ ਲੱਗਦਾ! ਅਸੀਂ ਤਾਂ ਮਰ ਕੇ ਜਿੰਦਾ ਹੋਏ ਸੀ ਅਤੇ ਉੱਜੜ ਕੇ ਵਸੇ ਸੀ ! ਗੋਲੀਆਂ ਕੰਨਾਂ ਲੱਤਾਂ ਦੇ ਕੋਲ ਦੀ ਲੰਘ ਲੁੰਘ ਗਈਆਂ ਸਨ ! ਤਸ਼ੱਦਦ ਝੱਲੇ ਜੇਹਲ ਕੱਟੀ ਪਰ ਸ਼ਾਇਦ ਆਹ ਸਮਾਂ ਵੇਖਣਾਂ ਸਾਡੀ ਕਿਸਮਤ ਵਿੱਚ ਲਿਖਿਆ ਹੋਇਆ ਸੀ ਤਾਂ ਹੀ ਬਚ ਗਏ ਸੀ ਜਾਂ ਅਕਾਲ ਪੁਰਖ ਵਾਹਿਗੁਰੂ ਜੀ ਨੇ ਬਚਾ ਲਏ ਲੀ ? ਬਾਕੀ ਇਹੋ ਜਿਹੇ ਹਜ਼ਾਰਾਂ ਝੂਠੇ ਪੁਲੀਸ ਮੁਕਾਬਲਿਆਂ ਦਾ ਗੁਰੂ ਗਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਬੱਚੀਆਂ ਧੀਆਂ ਭੈਣਾਂ ਅਤੇ ਮਾਵਾਂ ਦੇ ਹੋਏ ਬਲਾਤਕਾਰਾਂ ਦਾ ਸਿੱਖਾਂ ਦੇ ਗਲਾਂ ਵਿੱਚ ਪਾਏ ਟਾਇਰਾਂ ਦਾ ਲੱਥੀਆਂ ਪੱਗਾਂ ਦਾ ਸਾੜੇ ਗਏ ਗੁਰਦੁਆਰਿਆਂ ਦਾ ਸਾੜੀਆਂ ਗਈਆਂ ਜਾਇਦਾਦਾਂ ਸਾਈਕਲਾਂ ਮੋਟਰਸਾਈਕਲਾਂ ਕਾਰਾਂ ਟਰੱਕਾਂ ਦਾ ਸਾੜੇ ਅਤੇ ਢਾਹੇ ਗਏ ਗੁਰਧਾਮਾਂ ਦਾ ਹਿਸਾਬ ਹਾਲੇ ਹਿੰਦੋਸਤਾਨ ਨਾਲ ਕਰਨਾ ਬਾਕੀ ਹੈ ! ਇਹ ਹਿਸਾਬ ਆਤਮਾ ਨੂੰ ਬਲਵਾਨ ਕਰਕੇ ਹੀ ਲਿਆ ਜਾਣਾ , ਆਤਮਾ ਬਲਵਾਨ ਗੁਰੂ ਵਾਲੇ ਬਣ ਕੇ ਬਾਣੀ ਅਤੇ ਇਤਿਹਾਸ ਨੂੰ ਪੜ੍ਹ ਕੇ ਅਤੇ ਉੱਸ ਉੱਤੇ ਚੱਲ ਕੇ ਹੀ ਹੋਣੀ ਹੈ ਜੀ ! ਭੁੱਲਾਂ ਚੁੱਕਾਂ ਦੀ ਮੁਆਫ਼ੀ ਖੁਦ ਹੀ ਬਖਸ਼ ਦਿਆ ਕਰੋ!

**- ਹਰਪ੍ਰੀਤ ਸਿੰਘ ਪੰਮਾ ਆਜ਼ਾਦ ਅਸਟਰੀਆ**

# ਪਰਿਵਾਰ ਨੂੰ ਇੰਨਸਾਫ ਦਿਵਾਉਣ ਲਈ ਸੰਤ ਸਤਵਿੰਦਰ ਹੀਰਾ ਇੰਗਲੈਂਡ ਤੋਂ ਧਰਨੇ ਵਾਲੇ ਸਥਾਨ 'ਤੇ ਪਹੁੰਚੇ



**ਹੁਸ਼ਿਆਰਪੁਰ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੈਸੇ ਚੋਰੀ ਦੇ ਝੂਠੇ ਇਲਜ਼ਾਮ ਲੱਗਣ ਅਤੇ ਹੋਈ ਕੁੱਟਮਾਰ ਦੀ ਨਮੋਸ਼ੀ ਵਜੋਂ ਟਰੱਕ ਡਰਾਈਵਰ ਅਤੇ ਕੰਡਕਟਰ ਵਲੋਂ ਕੀਤੀ ਖੁਦਕਸ਼ੀ ਮਾਮਲੇ ਵਿਚ ਪਿੰਡ ਨਿਆਲ ਦੇ ਪੀੜਤ ਪਰਿਵਾਰਾਂ ਨੂੰ ਇੰਨਸਾਫ ਦਿਵਾਉਣ ਅਤੇ ਮਾਮਲੇ ਦੇ ਮੁੱਖ ਦੋਸ਼ੀ ਨੂੰ ਗ੍ਰਿਫਤਾਰ ਕਰਾਉਣ ਲਈ ਪਿੰਡ ਵਾਸੀਆਂ ਵਲੋਂ ਬਣਾਈ ਐਕਸ਼ਨ ਕਮੇਟੀ ,ਕਿਸਾਨ ਜਥੇਬੰਦੀਆਂ ਅਤੇ ਇਲਾਕੇ ਦੇ ਲੋਕਾਂ ਵਲੋਂ ਲਗਾਏ ਧਰਨੇ ਵਿਚ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਇੰਗਲੈਂਡ ਤੋਂ ਭਾਰਤ ਵਾਪਸੀ ਸਮੇਂ ਵਿਸ਼ੇਸ਼ ਤੋਰ ਤੇ ਧਰਨੇ ਵਾਲੇ ਸਥਾਨ ਤੇ ਪਹੁੰਚੇ ਅਤੇ ਇਸ ਘਟਨਾ ਦੀ ਨਿੰਦਿਆ ਕੀਤੀ, ਉਨਾਂ ਨਾਲ ਆਦਿ ਧਰਮ ਮਿਸ਼ਨ ਦੇ ਜਗਸੀਰ ਸਿੰਘ ਜੱਗੀ ਪਾਤੜਾਂ ਅਤੇ ਸੁਖਵੀਰ ਦੁਗਾਲ ਵੀ ਹਾਜਰ ਸਨ। ਇਸ ਮੌਕੇ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਕਿਸੇ ਤੇ ਕਿਸੇ ਵੀ ਤਰਾਂ ਦਾ ਅੱਤਿਆਚਾਰ ਅਤੇ ਖੁਦਕਸ਼ੀ ਲਈ ਮਜ਼ਬੂਰ ਕਰਨਾ ਕਨੂੰਨੀ ਜੁਰਮ ਹੈ ਅਤੇ ਭਾਰਤੀ ਸੰਵਿਧਾਨ ਅਨੁਸਾਰ ਇਹ ਇੱਕ ਵੱਡਾ ਗੁਨਾਹ ਹੈ। ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਇਨਾਂ ਅੱਤਿਆਚਾਰਾਂ ਦੇ ਖਿਲਾਫ਼ ਲੜਨ ਲਈ ਸਾਨੂੰ ਗੁਰੂਆਂ ਦੀ ਕ੍ਰਾਂਤੀਕਾਰੀ ਬਾਣੀ ਤੋਂ ਸੇਧ ਲੈਣੀ ਚਾਹੀਦੀ ਹੈ ਜਿਸ ਵਿੱਚ ਸਤਿਗੁਰੂ ਰਵਿਦਾਸ ਜੀ ਨੇ ਕਿਹਾ ਹੈ "ਸਤਿਸੰਗਤ ਮਿਲਿ ਰਹੀਏ ਮਾਧੋ ਜੈਸੇ ਮਧਪੁ ਮਖੀਰਾ" ਇਥੇ ਗੁਰੂ ਜੀ ਨੇ ਮਧੂ ਮੱਖੀਆਂ ਦੀ ਉਦਾਹਰਣ ਏਸ ਕਰਕੇ ਦਿੱਤੀ ਹੈ ਕਿ ਜਦੋਂ ਉਨਾਂ ਵੱਲ ਕੋਈ ਉਂਗਲ ਵੀ ਕਰੇ ਤਾਂ ਉਹ ਇਕੱਠੀਆਂ ਧਾਵਾ ਬੋਲ ਦਿੰਦੀਆਂ ਹਨ। ਇਸ ਕਰਕੇ ਸਮਾਜ ਨੂੰ ਵੀ ਪ੍ਰੇਰਨਾ ਲੈ ਕੇ ਏਕਤਾ ਅਤੇ ਆਪਸੀ ਭਾਈਚਾਰਾ ਬਣਾਕੇ ਰੱਖਣਾ ਬਹੁਤ ਜਰੂਰੀ ਹੈ। ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਪਿੰਡ ਨਿਆਲ ਦੇ ਦੋਵੇਂ ਵਿਅਕਤੀ ਬਹੁਤ ਮਿਹਨਤੀ, ਇਮਾਨਦਾਰ ਅਤੇ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਸਨ, ਉਨਾਂ ਦੀ ਮੌਤ ਤੋਂ ਬਾਅਦ ਪੀੜਤ ਪਰਿਵਾਰ ਦੁੱਖਾਂ ਵਿਚ ਘਿਰ ਗਿਆ ਹੈ । ਇਸ ਲਈ ਸਰਕਾਰ ਪਰਿਵਾਰ ਨੂੰ ਇੰਨਸਾਫ ਦਿਵਾਉਣ ਲਈ ਬੈਠੇ ਲੋਕਾਂ ਵਲੋਂ ਰੱਖੀਆਂ ਮੰਗਾਂ ਨੂੰ ਤੁਰੰਤ ਲਾਗੂ ਕਰੇ, ਪੀੜਤ ਪਰਿਵਾਰਾਂ ਦੇ ਇਕ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਯੋਗ ਮੁਆਵਜ਼ਾ ਦਿੱਤਾ ਜਾਵੇ।

# ਲੰਡਨ ਅੰਬੈਸੀਆਂ ਸਾਹਮਣੇ 15 ਅਗਸਤ ਨੂੰ ਰੋਸ ਮੁਜ਼ਾਹਰਾ - ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂਕੇ



**ਲੰਡਨ, 5 ਅਗਸਤ (ਸਰਬਜੀਤ ਸਿੰਘ ਬਨੂੜ)**-ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ 15 ਅਗਸਤ ਨੂੰ "ਘਰ-ਘਰ ਤਿਰੰਗਾ" ਲਹਿਰਾਉਣ ਦੀ ਅਪੀਲ ਨੂੰ ਰੱਦ ਕਰਦਿਆਂ, ਵਿਦੇਸ਼ਾਂ 'ਚ ਵੱਸਦੇ ਸਿੱਖਾਂ ਵਲੋਂ ਭਾਰਤੀ ਅੰਬੈਸੀਆਂ ਸਾਹਮਣੇ ਰੋਸ ਮੁਜ਼ਾਹਰੇ ਕਰਨ ਦਾ ਐਲਾਨ ਕੀਤਾ ਗਿਆ ਹੈ। ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵੱਲੋਂ ਜਾਰੀ ਬਿਆਨ 'ਚ ਸਿੱਖਾਂ ਨੂੰ ਅਪੀਲ ਕੀਤੀ ਗਈ ਕਿ ਅਮਿਤ ਸ਼ਾਹ ਦੀ ਅਪੀਲ ਦੇ ਬਦਲੇ, ਆਪਣੇ ਘਰਾਂ ਉੱਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ ਜਾਵੇ। ਇਸ ਦੇ ਨਾਲ ਹੀ 15 ਅਗਸਤ ਨੂੰ ਦੁਨੀਆਂ ਭਰ ਦੀਆਂ ਭਾਰਤੀ ਅੰਬੈਸੀਆਂ ਸਾਹਮਣੇ ਰੋਸ ਮੁਜ਼ਾਹਰੇ ਕੀਤੇ ਜਾਣ। ਫੈਡਰੇਸ਼ਨ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਜਥੇਦਾਰ ਜੋਗਾ ਸਿੰਘ ਨੇ ਕਿਹਾ ਕਿ ਸਿੱਖ ਕੌਮ ਨੇ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਪਰ ਅੱਜ ਵੀ ਨਿਆਂ ਤੋਂ ਵਾਂਝੀ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਵਿੱਚ 1978, 1984 ਅਤੇ ਬਾਅਦ ਦੇ ਸਾਲਾਂ 'ਚ ਸਿੱਖਾਂ ਉੱਤੇ ਹੋਏ ਜ਼ੁਲਮ ਕਦੇ ਨਹੀਂ ਭੁੱਲੇ ਜਾ ਸਕਦੇ। 15 ਅਗਸਤ ਨੂੰ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਸਾਹਮਣੇ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਵੱਡਾ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਫੈਡਰੇਸ਼ਨ ਵੱਲੋਂ ਅਪੀਲ ਕੀਤੀ ਗਈ ਕਿ ਸਿੱਖ ਕੌਮ ਭਾਈ ਵਧਾਵਾ ਸਿੰਘ ਬੱਬਰ, ਭਾਈ ਰਣਜੀਤ ਸਿੰਘ ਨੀਟਾ, ਭਾਈ ਜਗਤਾਰ ਸਿੰਘ ਹਾਵਾਰਾ, ਭਾਈ ਜੱਗੀ ਜੌਹਲ, ਅੰਮ੍ਰਿਤਪਾਲ ਸਿੰਘ ਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸਾਂ ਕਰੇ। ਆਗੂਆਂ ਨੇ ਕਿਹਾ ਕਿ ਸਿੱਖ ਕੌਮ ਦਾ ਨਿਸ਼ਾਨਾ ਖ਼ਾਲਿਸਤਾਨ ਹੈ, ਤੇ ਇਹ ਸੰਘਰਸ਼ ਰੁਕੇਗਾ ਨਹੀਂ।

# ਹਰਜੀਤ ਸਿੰਘ ਪੰਨੂ ਆਪਣੇ ਸੈਂਕੜੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਏ







**ਖਰੜ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਵਿਧਾਨ ਸਭਾ ਹਲਕਾ ਖਰੜ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਅੱਜ ਵੱਡਾ ਹੁੰਗਾਰਾ ਮਿਲਿਆ ਜਦੋਂ ਸਮਾਜ ਸੇਵੀ ਆਗੂ ਸ. ਹਰਜੀਤ ਸਿੰਘ ਪੰਨੂ ਆਪਣੇ ਸੈਂਕੜੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਏ। ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਜੀ ਬਾਦਲ ਨੇ ਸਰਿਪਾਓ ਪਾ ਕੇ ਸਭ ਨੂੰ ਪਾਰਟੀ ਵਿੱਚ ਸ਼ਾਮਿਲ ਕੀਤਾ ਅਤੇ ਬਣਦਾ ਮਾਣ ਸਤਿਕਾਰ ਅਤੇ ਜ਼ਿੰਮੇਵਾਰੀਆਂ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਸ. ਪੰਨੂ ਨੇ ਪ੍ਰਧਾਨ ਸਾਬ੍ਹ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੂਰੀ ਮਿਹਨਤ ਅਤੇ ਇਮਾਨਦਾਰੀ ਦੇ ਨਾਲ ਪਾਰਟੀ ਲਈ ਕੰਮ ਕਰਨਗੇ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣਗੇ ਅਤੇ ਪਾਰਟੀ ਵੱਲੋਂ ਕੀਤੇ ਗਏ ਕੰਮਾਂ ਪ੍ਰਤੀ ਨਵੀਂ ਪੀੜੀ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਐਨ.ਕੇ. ਸ਼ਰਮਾ ਤੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਸੋਹਾਣਾ ਵੀ ਹਾਜ਼ਰ ਸਨ।

# ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਤਾਬਦੀ ਸਮਾਗਮਾਂ ਦੇ ਪਹਿਲੇ ਨਗਰ ਕੀਰਤਨ ਵਿੱਚ 27 ਅਗਸਤ ਨੂੰ ਸੰਗਤਾਂ ਹੁੰਮ ਹੁੰਮਾ ਕੇ ਬਾਬਾ ਬਕਾਲਾ ਸਾਹਿਬ ਪਹੁੰਚਣ : ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ




ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਨੇ ਜਾਰੀ ਇੱਕ ਅਪੀਲ ਵਿੱਚ ਸਮੂੰਹ ਸੰਗਤਾਂ ਨੂੰ ਕਿਹਾ ਹੈ ਕਿ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਮਨਾਏ ਜਾ ਰਹੇ 350 ਸਾਲਾ ਸ਼ਹੀਦੀ ਸਮਾਗਮਾਂ ਸਬੰਧੀ 27 ਅਗਸਤ ਨੂੰ ਪਾਵਣ ਧਰਤੀ ਬਾਬਾ ਬਕਾਲਾ ਸਾਹਿਬ ਤੋਂ ਸਜਾਏ ਜਾ ਰਹੇ ਪਹਿਲੇ ਨਗਰ ਕੀਰਤਨ ਵਿੱਚ ਹੁੰਮ ਹੁੰਮਾ ਕੇ ਪਹੁੰਚਣ । ਉਨ੍ਹਾਂ ਇਥੇ ਕਿਹਾ ਕਿ ਗੁਰੂ ਰਾਮ ਦਾਸ ਜੀ ਦੀ ਕ੍ਰਿਪਾ ਨਾਲ ਇੰਟਰਨੈਸ਼ਨਲ ਪੰਥਕ ਦਲ ਦੇ ਸਮੂੰਹ ਅਹੁੱਦੇਦਾਰ , ਸੇਵਕ ਤੇ ਵਰਕਰ ਸਹਿਬਾਨ ਸ਼੍ਰੀ ਗੁਰੂ ਰਾਮ ਦਾਸ ਦੇ ਲੰਗਰਾਂ ਵਿੱਚ ਸੇਵਾ ਕਰਨ ਲਈ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸਮਾਗਮ ਪੂਰੀ ਚੜ੍ਹਦੀ ਕਲਾ ਨਾਲ ਵੱਡੇ ਪੱਧਰ ਉਪਰ ਮਨਾਏ ਜਾ ਰਹੇ ਹਨ। ਇਹ ਸ਼ਹੀਦੀ ਸਮਾਗਮ ਉਸੇ ਤਰਜ ’ਤੇ ਮਨਾਏ ਜਾਣਗੇ ਜਿਸ ਤਰਾਂ ਬ੍ਰਹਮ ਗਿਆਨੀ ਸੰਤ ਬਾਬਾ ਕਰਤਾਰ ਸਿੰਘ ਖਾਲਸਾ ਜੀ ਨੇ 300 ਸਾਲਾ ਸ਼ਹੀਦੀ ਪੁਰਬ ਵੱਡੀ ਪੱਧਰ ’ਤੇ ਪਿੰਡ-ਪਿੰਡ ਪ੍ਰਚਾਰ ਕਰਕੇ ਤੇ ਨਗਰ ਕੀਰਤਨ ਸਜਾ ਕੇ ਮਨਾਏ ਸਨ। ਉਸੇ ਤਰਾਂ ਹੀ ਇੰਟਰਨੈਸ਼ਨਲ ਪੰਥਕ ਦਲ ਨੇ 40 ਨਗਰ ਕੀਰਤਨ ਸਜਾਉਣ ਦੇ ਪ੍ਰੋਗਰਾਮ ਉਲੀਕੇ ਹਨ। ਉਨ੍ਹਾਂ ਕਿਹਾ ਕਿ ਸ਼ਹੀਦੀ ਸਮਾਗਮਾਂ ਵਿੱਚ ਸ਼ਾਮਿਲ ਹੋਣ ਤੇ ਸਹਿਯੋਗ ਲਈ ਬੇਨਤੀ ਕਰਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਤੇ ਚੀਫ ਖਾਲਸਾ ਦਿਵਾਨ ਸਮੇਤ ਸਾਰੀਆਂ ਸਿੱਖ ਜਥੇਬੰਦੀਆਂ ਨੂੰ ਸੱਦਾ ਪੱਤਰ ਭੇਜੇ ਜਾਣਗੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਜਿਸ ਪਾਵਨ ਸਥਾਨ ਬਾਬਾ ਬਕਾਲਾ ਸਾਹਿਬ ਵਿਖੇ 26 ਸਾਲ ਲੰਬਾ ਸਮਾਂ ਤਪੱਸਿਆ ਦਾ ਢੰਗ ਸਿਖਾਇਆ, ਉਥੋਂ ਪਹਿਲਾ ਨਗਰ ਕੀਰਤਨ 27 ਅਗਸਤ ਨੂੰ ਆਰੰਭ ਹੋ ਕੇ ਛੇਵੇਂ ਪਾਤਸ਼ਾਹ ਦੇ ਪਾਵਣ ਸਥਾਨ ਸ਼੍ਰੀ ਹਰਗੋਬਿੰਦਪੁਰ ਸਾਹਿਬ ਪੁੱਜੇਗਾ। ਇਹ ਨਗਰ ਕੀਰਤਨ ਸੜਕ ਉਪਰ ਜਾਣ ਦੀ ਬਜਾਏ ਵੱਖ ਵੱਖ ਪਿੰਡਾਂ ਵਿੱਚ ਦੀ ਲੰਘੇਗਾ ਤਾਂ ਜੋ ਨਸ਼ਿਆਂ ਵਿਰੁੱਧ ਸੁਚੇਤ ਕਰਨ ਦੇ ਨਾਲ ਨਾਲ ਸੰਗਤਾਂ ਨੂੰ ਗੁਰੂ ਗਰੰਥ ਸਾਹਿਬ ਦੇ ਲੜ ਲੱਗਣ ਦਾ ਸੁਨੇਹਾ ਦਿੱਤਾ ਜਾ ਸਕੇ ਤੇ ਅੰਮ੍ਰਿਤ ਛੱਕਣ ਲਈ ਪ੍ਰੇਰਿਤ ਕੀਤਾ ਜਾ ਸਕੇ। ਸਿੰਘ ਸਾਹਿਬ ਨੇ ਸੰਗਤਾਂ ਤੇ ਵਿਸ਼ੇਸ਼ ਤੌਰ ’ਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਮੂੰਹ ਸਮਰਥਕਾਂ ਨੂੰ ਬੇਨਤੀ ਕੀਤੀ ਹੈ ਕਿ ਉਹ 26 ਅਗਸਤ ਦੀ ਰਾਤ ਨੂੰ ਹੀ ਬਾਬਾ ਬਕਾਲਾ ਸਾਹਿਬ ਪੁੱਜ ਜਾਣ ਜਾਂ 27 ਅਗਸਤ ਨੂੰ ਤੜਕਸਾਰ ਪਹੁੰਚਣ ਦੀ ਖੇਚਲ ਕਰਨ ਤਾਂ ਜੋ 8 ਵਜੇ ਸ਼ੁਰੂ ਹੋਣ ਵਾਲੇ ਨਗਰ ਕੀਰਤਨ ਵਿੱਚ ਸ਼ਾਮਿਲ ਹੋਇਆ ਜਾ ਸਕੇ। ਸਿੰਘ ਸਾਹਿਬ ਨੇ ਹੋਰ ਕਿਹਾ ਕਿ ਨਗਰ ਕੀਰਤਨ ਸਬੰਧੀ ਦੋ ਇੰਚਾਰਜ ਨਿਯੁਕਤ ਕੀਤੇ ਜਾਣਗੇ ਜੋ ਨਗਰ ਕੀਰਤਨ ਬਾਰੇ ਸਮੁੱਚਾ ਪ੍ਰੋਗਰਾਮ ਤਿਆਰ ਕਰਨਗੇ । ਉਨ੍ਹਾਂ ਨੇ ਨਗਰ ਕੀਰਤਨ ਦੀ ਸਫਲਤਾ ਲਈ ਇਨ੍ਹਾਂ ਇੰਚਾਰਜਾਂ ਨੂੰ ਸਹਿਯੋਗ ਦੇਣ ਦੀ ਬੇਨਤੀ ਕੀਤੀ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ 10 ਲੋੜਵੰਦਾਂ ਨੂੰ ਸੌਂਪੇ ਸਾਈਕਲ

## ਸਮਾਜਸੇਵੀਆਂ ਦੇ ਸਹਿਯੋਗ ਨਾਲ ਦਿੱਤਾ ਮਾਨਵਤਾ ਦਾ ਸੰਦੇਸ਼



ਹੁਸ਼ਿਆਰਪੁਰ, 5 ਅਗਸਤ (ਆਵਾਜ਼ਿ ਕੌਮ ਬਿਊਰੋ)–ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਆਪਣੇ ਨਿਵਾਸ ਸਥਾਨ ’ਤੇ ਇੱਕ ਸ਼ਲਾਘਾਯੋਗ ਪਹਿਲਕਦਮੀ ਕਰਦੇ ਹੋਏ 10 ਲੋੜਵੰਦ ਮਿਹਨਤੀ ਲੋਕਾਂ ਨੂੰ ਸਾਈਕਲ ਭੇਟ ਕੀਤੇ। ਇਸ ਮੌਕੇ ਸਮਾਜ ਸੇਵੀ ਸਿਮਰਨ ਸਿਕੰਦ ਅਤੇ ਨਿਤਿਨ ਬੱਸੀ ਵਿਸ਼ੇਸ਼ ਤੌਰ ’ਤੇ ਮੌਜੂਦ ਸਨ, ਜਿਨ੍ਹਾਂ ਨੇ ਇਸ ਸਮਾਜਿਕ ਕਾਰਜ ਵਿਚ ਸਹਿਯੋਗ ਦਿੱਤਾ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਪਹਿਲ ਉਨ੍ਹਾਂ ਲੋਕਾਂ ਦੇ ਜੀਵਨ ਵਿੱਚ ਸਹੂਲਤ ਅਤੇ ਗਤੀ ਲਿਆਉਣ ਦੇ ਉਦੇਸ਼ ਨਾਲ ਕੀਤੀ ਗਈ ਹੈ ਜਿਨ੍ਹਾਂ ਦੀ ਰੋਜ਼ਾਨਾ ਰੋਜ਼ੀ-ਰੋਟੀ ਉਨ੍ਹਾਂ ਦੇ ਪੈਰਾਂ ’ਤੇ ਨਿਰਭਰ ਕਰਦੀ ਹੈ। ਉਨ੍ਹਾਂ ਕਿਹਾ ਕਿ ਸਾਈਕਲ ਨਾ ਸਿਰਫ਼ ਉਨ੍ਹਾਂ ਮਿਹਨਤੀ ਲੋਕਾਂ ਲਈ ਸਮਾਂ ਬਚਾਉਣ ਦਾ ਸਾਧਨ ਹੋਵੇਗਾ ਬਲਕਿ ਉਨ੍ਹਾਂ ਦੇ ਕੰਮ ਦੀ ਗਤੀ ਅਤੇ ਉਨ੍ਹਾਂ ਦੀ ਆਮਦਨ ਵਧਾਉਣ ਵਿੱਚ ਵੀ ਮਦਦ ਕਰੇਗਾ। ਵਿਧਾਇਕ ਨੇ ਕਿਹਾ ਕਿ ਸਾਡੀ ਜ਼ਿੰਮੇਵਾਰੀ ਸਿਰਫ਼ ਰਾਜਨੀਤੀ ਤੱਕ ਸੀਮਤ ਨਹੀਂ ਹੈ। ਇਹ ਹਰ ਸੰਵੇਦਨਸ਼ੀਲ ਨਾਗਰਿਕ ਦਾ ਫਰਜ਼ ਹੈ ਕਿ ਉਹ ਸਮਾਜ ਦੇ ਉਨ੍ਹਾਂ ਲੋਕਾਂ ਦੀ ਮਦਦ ਕਰੇ ਜੋ ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸੰਘਰਸ਼ ਕਰ ਰਹੇ ਹਨ। ਕਈ ਵਾਰ ਸਾਈਕਲ ਵਰਗੀ ਛੋਟੀ ਜਿਹੀ ਮਦਦ ਵੀ ਵੱਡੇ ਬਦਲਾਅ ਲਿਆ ਸਕਦੀ ਹੈ। ਇਸ ਦੌਰਾਨ ਲਾਭਪਾਤਰੀਆਂ ਨੇ ਵਿਧਾਇਕ ਅਤੇ ਸਮਾਜ ਸੇਵਕਾਂ ਪ੍ਰਤੀ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਕਿ ਸਾਈਕਲ ਮਿਲਣ ਨਾਲ ਉਨ੍ਹਾਂ ਨੂੰ ਕੰਮ ’ਤੇ ਜਾਣਾ ਆਸਾਨ ਹੋ ਜਾਵੇਗਾ ਅਤੇ ਸਮਾਂ ਵੀ ਬਚੇਗਾ। ਵਿਧਾਇਕ ਜਿੰਪਾ ਨੇ ਸਾਰੇ ਸਮਾਜ ਸੇਵਕਾਂ ਅਤੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਇਲਾਕੇ ਵਿੱਚ ਲੋੜਵੰਦਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਮਦਦ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਅਜਿਹੇ ਯਤਨ ਤਾਂ ਹੀ ਸਾਰਥਕ ਹੋਣਗੇ ਜਦੋਂ ਇਹ ਮੁਹਿੰਮ ਸਮਾਜ ਵਿੱਚ ਪ੍ਰੇਰਨਾ ਬਣ ਸਕੇਗੀ ਅਤੇ ਹੋਰ ਲੋਕਾਂ ਨੂੰ ਜੋੜ ਸਕੇਗੀ। ਸਮਾਜ ਸੇਵਕ ਸਿਮਰਨ ਸਿਕੰਦ ਅਤੇ ਨਿਤਿਨ ਬੱਸੀ ਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਅਜਿਹੇ ਸਮਾਜਿਕ ਕਾਰਜਾਂ ਦਾ ਸਮਰਥਨ ਕਰਦੇ ਰਹਿਣਗੇ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਹਰ ਸਮਰੱਥ ਵਿਅਕਤੀ ਆਪਣੇ ਆਲੇ ਦੁਆਲੇ ਲੋੜਵੰਦਾਂ ਲਈ ਮਦਦ ਦਾ ਹੱਥ ਵਧਾਏ, ਤਾਂ ਸਮਾਜ ਵਿੱਚ ਖੁਸ਼ੀ ਅਤੇ ਸਕਾਰਾਤਮਕਤਾ ਦਾ ਮਾਹੌਲ ਆਪਣੇ ਆਪ ਬਣ ਸਕਦਾ ਹੈ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਜ਼ਿਲ੍ਹਾ ਮੀਡੀਆ ਇੰਚਾਰਜ ਕੁਲਵਿੰਦਰ ਸਿੰਘ ਹੁੰਦਲ, ਕਾਮਰੇਡ ਗੰਗਾ ਪ੍ਰਸਾਦ, ਵਰਿੰਦਰ ਵੈਦ, ਸੁਮੇਸ਼ ਸੋਨੀ, ਕ੍ਰਿਸ਼ਨ ਗੋਪਾਲ ਸ਼ਰਮਾ ਆਦਿ ਵੀ ਹਾਜ਼ਰ ਸਨ।

# ਜ਼ਿਲ੍ਹੇ ’ਚ ਆਰੰਭ ਹੋਇਆ ਫ਼ਸਲਾਂ ਦਾ ਡਿਜੀਟਲ ਸਰਵੇਖਣ: ਡਿਪਟੀ ਕਮਿਸ਼ਨਰ

**ਬਾਰਵੀਂ ਪਾਸ ਚਾਹਵਾਨ ਬਿਨੈਕਾਰ ਸਬੰਧਤ ਤਹਿਸੀਲ/ਸਬ ਤਹਿਸੀਲ ਦਫ਼ਤਰ ਨਾਲ ਕਰਨ ਸੰਪਰਕ, ਮਿਲੇਗਾ ਉਚਿਤ ਮਾਣਭੱਤਾ**

**ਕਰੀਬ 10.58 ਲੱਖ ਖੇਤੀਬਾੜੀ ਖਸਰੇ/ਪਲਾਟਾਂ ਦਾ ਸਰਵੇ ਕੀਤਾ ਜਾਵੇਗਾ • ਪ੍ਰਾਈਵੇਟ ਸਰਵੇਅਰ ਕਰਨਗੇ ਸਰਵੇਖਣ, ਜ਼ਿਲ੍ਹਾ ਪ੍ਰਸ਼ਾਸਨ ਰੱਖੇਗਾ 834 ਸਰਵੇਅਰ**



ਹੁਸ਼ਿਆਰਪੁਰ, 5 ਅਗਸਤ (ਆਵਾਜ਼ਿ ਕੌਮ ਬਿਊਰੋ)– ਪੰਜਾਬ ਸਰਕਾਰ ਦੇ ਮਾਲ ਅਤੇ ਮੁੜ ਵਸੇਬਾ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ 1 ਅਗਸਤ ਤੋਂ ਫ਼ਸਲਾਂ ਦੇ ਡਿਜੀਟਲ ਸਰਵੇਖਣ ਦੀ ਸ਼ੁਰੂਆਤ ਕਰ ਚੁੱਕਾ ਹੈ ਜੋ ਕਿ ਅਗਲੇ 45 ਦਿਨਾਂ ਦੇ ਵਿੱਚ ਮੁਕੰਮਲ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਵੇਖਣ ਲਈ 834 ਦੇ ਕਰੀਬ ਪ੍ਰਾਈਵੇਟ ਸਰਵੇਅਰ ਰੱਖੇ ਜਾ ਰਹੇ ਹਨ ਜੋ ਰੋਜਾਨਾ ਘੱਟੋ ਘੱਟ 70 ਪਲਾਟਾਂ ਦਾ ਫ਼ਸਲੀ ਸਰਵੇਖਣ ਕਰਨਗੇ ਉਨ੍ਹਾਂ ਦੱਸਿਆ ਕਿ ਫ਼ਸਲਾਂ ਦੇ ਡਿਜੀਟਲ ਸਰਵੇਖਣ ਦਾ ਮਨੋਰਥ ਮੋਬਾਈਲ ਰਾਹੀਂ ਖੇਤਾਂ ਵਿੱਚ ਬੀਜੀਆਂ ਫ਼ਸਲਾਂ ਦੀ ਮੁਕੰਮਲ ਜਾਣਕਾਰੀ ਇਕੱਤਰ ਕਰਨਾ ਹੈ, ਤਾਂ ਜੋ ਕਿਸਾਨਾਂ ਦੀ ਸਹੂਲਤ ਲਈ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਅਤੇ ਸਕੀਮਾਂ ਦਾ ਲਾਭ ਸੁਚੱਜੇ ਢੰਗ ਨਾਲ ਜ਼ਮੀਨੀ ਪੱਧਰ ਤੱਕ ਪੁੱਜਦਾ ਕੀਤਾ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਰੱਖੇ ਜਾਣ ਵਾਲੇ ਪ੍ਰਾਈਵੇਟ ਸਰਵੇਅਰਾਂ ਸਬੰਧੀ ਇਨ੍ਹਾਂ ਸਰਵੇਅਰਾਂ ਨੂੰ ਨਿਰਧਾਰਿਤ ਮਾਣਭੱਤਾ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬਾਰਵੀਂ ਪਾਸ ਕੋਈ ਵੀ ਇਛੁੱਕ ਵਿਅਕਤੀ ਜਿਸ ਕੋਲ ਐਂਡਰਾਇਡ ਫੋਨ ਅਤੇ ਉਸਦਾ ਬੈਂਕ ਖਾਤਾ ਹੋਵੇ ਉਹ ਆਪਣੇ ਖੇਤਰ ਦੇ ਸਬੰਧਤ ਤਹਿਸੀਲਦਾਰ, ਨਾਇਬ ਤਹਿਸੀਲਦਾਰ ਨਾਲ ਸੰਪਰਕ ਕਰਕੇ ਪ੍ਰਾਈਵੇਟ ਸਰਵੇਅਰ ਵਜੋਂ ਕੰਮ ਕਰ ਸਕਦਾ ਹੈ। ਜ਼ਿਲ੍ਹੇ ਵਿੱਚ ਸਰਵੇਖਣ ਅਧੀਨ ਰਕਬੇ ਦੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਕੁੱਲ 10.58 ਲੱਖ ਖੇਤੀਬਾੜੀ ਪਲਾਟਾਂ/ਖਸਰਿਆਂ ਦਾ ਸਰਵੇਖਣ ਕੀਤਾ ਜਾਵੇਗਾ ਜਿਨ੍ਹਾਂ ਵਿੱਚੋਂ 5.52 ਲੱਖ ਪਲਾਟਾਂ ਨੂੰ ਸਿਸਟਮ ’ਤੇ ਅਪਲੋਡ ਕੀਤਾ ਜਾ ਚੁੱਕਾ ਹੈ ਅਤੇ ਰਹਿੰਦੇ ਖਸਰੇ ਵੀ ਆਉਂਦੇ ਦਿਨਾਂ ਵਿੱਚ ਐਪ ’ਤੇ ਅਪਲੋਡ ਹੋ ਜਾਣਗੇ। ਇਸੇ ਦੌਰਾਨ ਜ਼ਿਲ੍ਹਾ ਮਾਲ ਅਫਸਰ ਅਮਨਦੀਪ ਚਾਵਲਾ ਨੇ ਦੱਸਿਆ ਕਿ ਹਰੇਕ ਪਿੰਡ ਲਈ ਇੱਕ ਸਰਵੇਅਰ ਨਿਯੁਕਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਹੁਣ ਤੱਕ ਰੱਖੇ ਗਏ ਪ੍ਰਾਈਵੇਟ ਸਰਵੇਅਰਾਂ ਦੀ ਟਰੇਨਿੰਗ ਹੋ ਚੁਕੀ ਹੈ ਅਤੇ ਅਗਲੇ ਦਿਨਾਂ ਵਿੱਚ ਰੱਖੇ ਜਾਣ ਵਾਲੇ ਸਰਵੇਅਰਾਂ ਨੂੰ ਸਬਡਵੀਜਨ ਪੱਧਰ ’ਤੇ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚਾਹਵਾਨ ਬਿਨੈਕਾਰਾਂ ਨੂੰ ਉਚਿਤ ਮਾਣਭੱਤਾ ਮਿਲੇਗਾ ਅਤੇ ਸੀਮਤ ਗਿਣਤੀ ਹੋਣ ਕਾਰਨ ਪਹਿਲਾਂ ਆਉਣ ਵਾਲਿਆਂ ਨੂੰ ਤਰਜੀਹ ਦਿੱਤੀ ਜਾਵੇਗੀ ।

# ‘ਗੋਗੀਆ ਪਰਿਵਾਰ’ ਅਰੋੜਾ ਵੰਸ਼ ਵਿੱਚ ਸ਼ਾਮਲ ਹੋਣ ’ਤੇ ਸਨਮਾਨਤ



ਹੁਸ਼ਿਆਰਪੁਰ, 5 ਅਗਸਤ (ਆਵਾਜ਼ਿ ਕੌਮ ਬਿਊਰੋ)–ਅਰੋੜਾ ਵੰਸ਼ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਦੀਪਕ ਨਰੂਲਾ ਦੀ ਅਗਵਾਈ ਹੇਠ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਗਈ। ਇਸੀ ਕੜੀ ਹੇਠ ਅੱਜ ਸ਼ਹਿਰ ਦੇ ਪ੍ਰਮੁੱਖ ਵਿਅਕਤੀ ਗੋਗੀਆ ਪਰਿਵਾਰ (ਕੋਤਵਾਲੀ ਬਾਜ਼ਾਰ), ਜਿਸ ਵਿੱਚ ਸ਼੍ਰੀ ਅਸ਼ੋਕ ਕੁਮਾਰ ਗੋਗੀਆ, ਤਰੁਣ ਗੋਗੀਆ, ਮਨੀ ਗੋਗੀਆ, ਹਨੀ ਗੋਗੀਆ ਅਤੇ ਗੌਰਵ ਨੂੰ ਅਰੋੜਾ ਵੰਸ਼ ਪਰਿਵਾਰ ਵਿੱਚ ਸ਼ਾਮਲ ਕੀਤਾ ਗਿਆ। ਇਸ ਮੌਕੇ ’ਤੇ ਪ੍ਰਧਾਨ ਦੀਪਕ ਨਰੂਲਾ ਨੇ ਦੱਸਿਆ ਕਿ ਅਰੋੜਾ ਵੰਸ਼ ਇਕ ਸਮਾਜਿਕ ਸੰਗਠਨ ਹੈ ਜਿਸਦਾ ਕਿਸੇ ਵੀ ਰਾਜਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਰੋੜਾ ਵੰਸ਼ ਵੱਲੋਂ ਸਮਾਜਿਕ ਕਾਰਜ ਜਿਵੇਂ ਕਿ ਪੌਧਾਰੋਪਣ, ਨਸ਼ਿਆਂ ਵਿਰੁੱਧ ਜਾਗਰੂਕਤਾ, ਲੋੜਵੰਦਾਂ ਦੀ ਸਹਾਇਤਾ, ਮੈਡੀਕਲ ਕੈਂਪ ਆਦਿ ਕਾਰਜ ਕਰਵਾਏ ਜਾਣਗੇ ਸ਼੍ਰੀ ਨਰੂਲਾ ਨੇ ਦੱਸਿਆ ਕਿ ਜਲਦੀ ਹੀ ਅਰੋੜਾ ਵੰਸ਼ ਵੱਲੋਂ ਪੌਧਾਰੋਪਣ ਕੀਤਾ ਜਾਵੇਗਾ ਜਿਸ ਵਿੱਚ 50 ਪੌਧੇ ਲਗਾਉਣ ਦਾ ਟਿੱਚਾ ਰੱਖਿਆ ਗਿਆ ਹੈ। ਇਹ ਪੌਧੇ ਹਰੇਕ ਮੈਂਬਰ ਦੇ ਨਾਮ ’ਤੇ ਲਗਾਏ ਜਾਣਗੇ ਅਤੇ ਉਹੀ ਮੈਂਬਰ ਆਪਣੇ ਪੌਧੇ ਦੀ ਦੇਖਭਾਲ ਕਰੇਗਾ, ਤਾਂ ਜੋ ਜਦੋਂ ਉਹ ਦਰਖ਼ਤ ਬਣੇ ਤਾਂ ਉਹ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਦੱਸ ਸਕੇ ਕਿ ਇਹ ਉਸ ਦੀ ਯਾਦਗਾਰ ਹੈ। ਇਸ ਮੌਕੇ ’ਤੇ ਸਿਨੀਅਰ ਮੈਂਬਰ ਸ਼੍ਰੀ ਸੰਜੀਵ ਦੁਆ ਅਤੇ ਸਕੱਤਰ ਸ਼੍ਰੀ ਮਨੋਜ ਤਨੇਜਾ ਨੇ ਆਉਣ ਵਾਲੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਖਾਸ ਤੌਰ ’ਤੇ ਅਰੋੜਾ ਬਿਰਾਦਰੀ ਨਾਲ ਸੰਬੰਧਤ ਜਿਹੜੇ ਲੋਕ ਗਰੀਬੀ ਰੇਖਾ ਤੋਂ ਹੇਠਾਂ ਆਉਂਦੇ ਹਨ, ਉਨ੍ਹਾਂ ਦੀ ਭਲਾਈ ਲਈ ਅਰੋੜਾ ਵੰਸ਼ ਪੂਰੀ ਮਦਦ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਅਰੋੜਾ ਵੰਸ਼ ਵੱਲੋਂ ਕਿਸੇ ਵੀ ਜਾਤ-ਪਾਤ ਦਾ ਭੇਦਭਾਵ ਨਹੀਂ ਕੀਤਾ ਜਾਵੇਗਾ ਅਤੇ ਲੋੜਵੰਦ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਇਸ ਮੌਕੇ ’ਤੇ ਅਰੋੜਾ ਵੰਸ਼ ਵਿੱਚ ਸ਼ਾਮਲ ਹੋਏ ਸ਼੍ਰੀ ਮਨੀ ਗੋਗੀਆ ਨੇ ਕਿਹਾ ਕਿ ਉਹ ਮਾਣ ਮਹਿਸੂਸ ਕਰਦੇ ਹਨ ਕਿ ਅਰੋੜਾ ਵੰਸ਼ ਸਮਾਜਿਕ ਕਾਰਜਾਂ ਵਿੱਚ ਅਗਵਾਈ ਕਰੇਗਾ, ਕਿਉਂਕਿ ਕਿਸੇ ਵੀ ਲੋੜਵੰਦ ਦੀ ਮਦਦ ਕਰਨਾ ਸਭ ਤੋਂ ਉੱਤਮ ਕੰਮ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਸਮਾਜ ਸੇਵਾ ਨਾਲ ਜੁੜੇ ਹੋਏ ਹਨ ਅਤੇ ਹੁਣ ਉਨ੍ਹਾਂ ਕੋਲ ਵੱਧ ਮੈਂਬਰ ਹਨ ਜਿਸ ਨਾਲ ਉਹ ਹੋਰ ਵਧੀਆ ਢੰਗ ਨਾਲ ਸਮਾਜਿਕ ਕਾਰਜ ਕਰ ਸਕਣਗੇ। ਇਸ ਮੌਕੇ ’ਤੇ ਗੋਗੀਆ ਪਰਿਵਾਰ ਨੂੰ ਅਰੋੜਾ ਵੰਸ਼ ਵੱਲੋਂ ਸਿਰੋਪਾ ਪਾ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ’ਤੇ ਵਿਜੇ ਅਰੋੜਾ, ਸੰਜੀਵ ਅਰੋੜਾ ਅਤੇ ਹੋਰ ਲੋਕ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਭਗਤ ਪੂਰਨ ਸਿੰਘ ਜੀ ਦੀ ਬਰਸੀਂ ਤੇ ਕੋਟਿਨ ਕੋਟਿ ਪ੍ਰਣਾਮ





ਭਗਤ ਪੂਰਨ ਸਿੰਘ ਜੀ ਦੀ ਬਰਸੀਂ ਤੇ ਕੋਟਿਨ ਕੋਟਿ ਪ੍ਰਣਾਮ ਅਸੀਂ ਉਨ੍ਹਾਂ ਦੀ ਬਰਸੀਂ ਤੇ ਸਰਧਾ ਦੇ ਫੁੱਲ ਭੇਟ ਕਰਦੇ ਹਾਂ ( ਵੱਲੋਂ ਸ, ਹਰਜਿੰਦਰ ਸਿੰਘ ਰੰਧਾਵਾ ਉਸਮਾ, ਜਿਲਾ ਅੰਮ੍ਰਿਤਸਰ ਐਕਸਾਈਜ਼ ਐਂਡ ਟੇਕਸੇਸਨ ਸਲਾਹਕਾਰ ਕਮੇਟੀ ਪੰਜਾਬ ਸਰਕਾਰ)

( ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV





# ਜਨਮ ਦਿਨ ਮੁਬਾਰਕ

ਤਨਵੀਰ ਕੌਰ
ਪਿਤਾ ਗੁਰਦੇਵ ਸਿੰਘ ਮੱਲੀ
ਪੱਤਰਕਾਰ
ਮਾਤਾ ਜਸਬੀਰ ਕੌਰ
ਪੱਤਰਕਾਰ ਕੁਲਵੰਤ ਸਿੰਘ ਵਿਰਦੀ

ਆਵਾਜ਼ਿ ਕੌਮ AWAZE QAUM International Newspaper & WEB TV

## ਕੁੱਝ ਲੋਕ

ਜਿਹੜੇ ਮਾਤ ਭਾਸ਼ਾ ਦੇ ਅਦੀਬ ਹੁੰਦੇ ਨੇ ।
ਉਹ ਲੋਕ ਸੱਚੀਂ ਖ਼ੁਸ਼ਨਸੀਬ ਹੁੰਦੇ ਨੇ ।
ਕੁੱਝ ਲੋਕ ਪੈਸੇ ਪੱਖੋਂ ਹੁੰਦੇ ਨੇ ਅਮੀਰ ;
ਐਪਰ ਦਿਲੋਂ ਪੁੱਜ ਕੇ ਗ਼ਰੀਬ ਹੁੰਦੇ ਨੇ ।
***************************
ਕੁੱਝ ਲੋਕ ਜਿਵੇਂ ਤਸਵੀਰ ਹੁੰਦੇ ਨੇ ।
ਵੇਖਣ ਨੂੰ ਸੁੰਦਰ ਸਰੀਰ ਹੁੰਦੇ ਨੇ ।
ਪੈਸੇ ਧੇਲੇ ਪੱਖੋਂ ਭਾਵੇਂ ਹੁੰਦੇ ਨੇ ਗ਼ਰੀਬ ;
ਐਪਰ ਦਿਲੋਂ ਪੁੱਜ ਕੇ ਅਮੀਰ ਹੁੰਦੇ ਨੇ ।

-ਮੂਲ ਚੰਦ ਸ਼ਰਮਾ ਪ੍ਰਧਾਨ , ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।
9914836037

ਆਵਾਜ਼ਿ ਕੌਮ AWAZE QAUM International Newspaper & WEB TV